# ਦੇਸ਼ ਦੁਆਬਾ

VOL -2 ISSUE - 3

May 1-15, 2013

www.deshdoaba.com

www.ambedkartimes.com


## ਇੰਗਲੈਂਡ ਨੇ ਮਨੁੱਖਤਾ ਦੇ ਹੱਕ ਵਿਚ ਸਿਰਜਿਆ ਇਤਿਹਾਸ

ਮਾਧੋਬਲਵੀਰਾ ਬਲਵੀਰ ਸਿੰਘ ਸੰਧੂ ਯੂ ਕੇ

ਖਬਰ ਦੇਖੋ ਸਫਾ 11 ਤੇ



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਯਾਦ ਵਿੱਚ ਵਿਸੇਸ਼ ਸਮਾਗਮ ਕਰਵਾਇਆ



ਨਿਊਯਾਰਕ-ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜਿਹਨਾਂ ਦੀ 33ਵੀਂ ਬਰਸੀ ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਲੋਂ ਸਮੁੱਚੀ ਗੁਰੂ ਘਰ ਦੀ ਸੰਗਤ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਵਿਖੇ 28 ਅਪ੍ਰੈਲ ਦਿਨ ਐਤਵਾਰ ਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਪ੍ਰਭਾਵਸ਼ਾਲੀ ਦੀਵਾਨ ਸਜਾ ਕੇ ਮਨਾਏ ਗਏ। ਜਿਸ ਵਿੱਚ ਐਤਵਾਰ ਨੂੰ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ

(ਬਾਕੀ ਸਫਾ 9 ਤੇ)

## ਗੁਰਦੁਆਰੇ ਦੇ ਬਾਹਰ ਬਜ਼ੁਰਗ ਸਿੱਖ 'ਤੇ ਹਮਲਾ



ਫਰਿਜ਼ਨੋ- ਫਰਿਜ਼ਨੋ ਦੇ ਗੁਰਦੁਆਰਾ ਨਾਨਕਸਰ ਦੇ ਬਾਹਰ ਇਕ ਬਜ਼ੁਰਗ ਸਿੱਖ ਪਿਆਰਾ ਸਿੰਘ (82) 'ਤੇ ਲੋਹੇ ਦੀ ਰਾਡ ਨਾਲ ਹਮਲਾ ਕਰ ਦਿੱਤਾ ਗਿਆ। ਹਮਲੇ ਵਿਚ ਜ਼ਖ਼ਮੀ ਹੋਏ ਬਜ਼ੁਰਗ ਦੀ ਹਾਲਤ ਗੰਭੀਰ ਹੈ ਤੇ ਪੁਲਿਸ ਨੇ ਹਮਲਾ ਕਰਨ ਦੇ ਦੋਸ਼ ਹੇਠ ਇਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ। ਇਹ ਘਟਨਾ ਕੈਲੇਫੋਰਨੀਆ ਦੇ ਮੱਧ ਵਿਚ ਸਥਿਤ ਫਰਿਜ਼ਨੋ ਦੇ ਨਾਨਕਸਰ ਗੁਰਦੁਆਰੇ ਦੇ ਬਾਹਰ ਵਾਪਰੀ। ਮੁਲਜ਼ਮ ਦੀ ਪਛਾਣ ਗਿਲਬਰਟ ਗਾਰਸੀਆ ਵਜੋਂ ਹੋਈ ਹੈ। ਫਰਿਜ਼ਨੋ ਦੇ ਪੁਲਿਸ ਮੁਖੀ ਜੈਰੀ ਡਾਇਰ ਨੇ ਦੱਸਿਆ ਕਿ ਐਤਵਾਰ ਨੂੰ ਗੁਰਦੁਆਰੇ ਵਿਚ ਸਿੱਖ ਭਾਈਚਾਰੇ ਦਾ ਇਕੱਠ ਹੋਇਆ ਸੀ ਜਿੱਥੇ ਪਿਆਰਾ ਸਿੰਘ (82) ਰੋਜ਼ਾਨਾ ਸੇਵਾ ਨਿਭਾਉਂਦਾ ਆ ਰਿਹਾ ਸੀ। ਜਦੋਂ ਉਹ ਗੁਰਦੁਆਰਾ ਸਾਹਿਬ ਤੋਂ ਬਾਹਰ ਆਇਆ ਤਾਂ ਮੁਲਜ਼ਮ ਨੇ ਅਚਾਨਕ ਉਸ 'ਤੇ ਹਮਲਾ ਕਰ ਦਿੱਤਾ। ਉਸ ਨੇ ਬੁਰੀ ਤਰ੍ਹਾਂ ਬਜ਼ੁਰਗ ਦੀ ਕੁੱਟਮਾਰ ਕੀਤੀ ਜਿਸ ਕਾਰਨ ਉਸ ਦੀਆਂ ਹੱਡੀਆਂ ਤੇ ਕੁਝ ਪਸਲੀਆਂ ਟੁੱਟ ਗਈਆਂ। ਬਜ਼ੁਰਗ ਹਾਲੇ ਤਕ ਬੇਹੋਸ਼ ਹੈ ਪਰ ਉਸ ਦੀ ਹਾਲਤ 'ਚ ਕੁਝ ਸੁਧਾਰ ਹੋਇਆ ਹੈ। ਐਤਵਾਰ ਦੇਰ ਸ਼ਾਮ ਨੂੰ ਐਫ ਬੀ ਆਈ, ਨਿਆਂ ਵਿਭਾਗ, ਪੁਲਿਸ ਅਤੇ ਕੁਝ ਹੋਰ ਵਿਭਾਗਾਂ ਦੇ ਅਧਿਕਾਰੀਆਂ ਦੀ ਟੀਮ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ ਤੇ ਭਰੋਸਾ ਦਿਵਾਇਆ ਕਿ ਭਵਿੱਖ ਵਿਚ ਅਜਿਹੀ ਕੋਈ ਘਟਨਾ ਵਾਪਰਨ ਤੋਂ ਰੋਕਣ ਲਈ ਲੋੜੀਂਦੇ ਸਾਰੇ ਕਦਮ ਚੁੱਕੇ ਜਾਣਗੇ। ਇਸ ਦੌਰਾਨ ਫਰਿਜ਼ਨੋ ਦੇ ਗੁਰਦੁਆਰੇ ਦੇ ਪ੍ਰਧਾਨ ਗੁਰਦੇਵ ਸਿੰਘ ਦੇ ਅਨੁਸਾਰ ਇਹ ਹਮਲਾ ਫਿਰਕੂ ਨਫ਼ਰਤ ਦਾ ਨਤੀਜਾ ਹੈ। ਜ਼ਿਕਰਯੋਗ ਹੈ ਕਿ ਇਹ ਇਲਾਕਾ ਕੈਲੇਫੋਰਨੀਆ ਦੀ ਵਾਦੀ ਦੇ ਮੱਧ ਵਿਚ ਸਥਿਤ ਹੈ ਅਤੇ ਇੱਥੇ ਪੰਜਾਬੀਆਂ ਦੀ ਕਾਫੀ ਵਸੋਂ ਹੈ।

## ਬੇਗਮਪੁਰਾ ਕਲਚਰਲ ਸੁਸਾਇਟੀ ਨਿਊਯਾਰਕ ਵੱਲੋਂ ਡਾ.ਅੰਬੇਦਕਰ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ





ਖਬਰ ਦੇਖੋ ਸਫਾ 10 ਤੇ



ਅੰਬੇਡਕਰ ਪਾਰਕ ਹਦੀਆਬਾਦ (ਫਗਵਾੜਾ) ਵਿਖੇ ਲਗਾਏ ਗਏ ਡਾ.ਅੰਬੇਦਕਰ ਤੇ ਸਾਹਿਬ ਕਾਂਸ਼ੀ ਰਾਮ ਦੇ ਬੁੱਤ ਤੇ ਫੁੱਲ ਮਲਾਵਾਂ ਭੇਂਟ ਕਰਦੇ ਹੋਏ ਬਸਪਾ (ਪੰਜਾਬ) ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ, ਰਮੇਸ਼ ਕੌਲ, ਸਾਬਕਾ ਐਮ ਪੀ ਡਾ. ਮੋਹਣ ਸਿੰਘ ਤੇ ਹੋਰ। *(ਖਬਰ ਸਫਾ 7 ਤੇ ਦੇਖੋ)*

## ਕਰਨਾਟਕ 'ਚ ਕਾਂਗਰਸ ਦੀ ਸ਼ਾਨਦਾਰ ਵਾਪਸੀ

ਬੰਗਲੌਰ- ਕਾਂਗਰਸ ਨੇ ਕਰਨਾਟਕ 'ਚ ਸ਼ਾਨਦਾਰ ਵਾਪਸੀ ਕਰਦਿਆਂ ਸੱਤ ਸਾਲ ਬਾਅਦ ਮੁੜ ਆਪਣੇ ਦੱਖਣੀ ਗੜ੍ਹ 'ਤੇ ਕਬਜ਼ਾ ਕਰ ਲਿਆ ਜਦਕਿ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਘਿਰੀ ਤੇ ਫੁੱਟ ਦਾ ਸ਼ਿਕਾਰ ਹੋਈ ਭਾਜਪਾ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ।ਕੇਂਦਰ 'ਚ ਕਈ ਘੁਟਾਲਿਆਂ ਦੇ ਮੁੱਦੇ 'ਤੇ ਘਿਰੀ ਹੋਣ ਦੇ ਬਾਵਜੂਦ ਕਾਂਗਰਸ ਨੇ ਵਿਧਾਨ ਸਭਾ ਚੋਣਾਂ ਵਿੱਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਦਿਆਂ 224 ਮੈਂਬਰੀ ਸਦਨ ਵਿੱਚੋਂ 121 ਸੀਟਾਂ ਹਾਸਲ ਕਰਕੇ ਸਾਰੇ ਚੋਣ ਕਿਆਸ-ਫਆਂ ਨੂੰ ਫੇਲ੍ਹ ਕਰ ਦਿੱਤਾ। ਇਹ ਅੰਕੜਾ ਸਦਨ ਦੀਆਂ ਅੱਧੀਆਂ ਨਾਲੋਂ ਵਧ ਹੈ। ਪੰਜ ਸਾਲ ਪਹਿਲਾਂ ਕਾਂਗਰਸ ਨੂੰ ਜਦੋਂ ਹਾਰ ਹੋਈ ਸੀ ਤਾਂ ਉਦੋਂ ਇਸ ਨੂੰ 77 ਸੀਟਾਂ ਹੀ ਮਿਲੀਆਂ ਸਨ। ਹੁਣ ਕਾਂਗਰਸ ਦੀ ਜਿੱਤ ਨਾਲ ਹੋਰ ਪਛੜੀਆਂ ਸ਼੍ਰੇਣੀਆਂ ਦੇ ਆਗੂ ਸਿੱਦਾਰਮਈਆ ਅਤੇ ਦਲਿਤ ਆਗੂ ਤੇ ਕੇਂਦਰੀ ਮੰਤਰੀ ਮਲਿਕਾਰਜਨ ਖੜਗੇ ਦਰਮਿਆਨ ਮੁੱਖ ਮੰਤਰੀ ਦੇ ਅਹੁਦੇ ਲਈ ਦੌੜ ਸ਼ੁਰੂ ਹੋ ਗਈ ਹੈ। ਦੱਖਣੀ ਭਾਰਤ ਵਿੱਚ ਪਹਿਲੀ ਵਾਰ ਸਰਕਾਰ ਬਣਾਉਣ ਵਾਲੀ ਭਾਜਪਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਘਿਰਨ, ਫੁੱਟ ਦਾ ਸ਼ਿਕਾਰ ਹੋਣ ਤੇ ਬੀ.ਐਸ. ਯੇਡੀਯੂਰੱਪਾ ਵੱਲੋਂ ਵੱਖ ਹੋ ਜਾਣ ਕਾਰਨ ਕਾਫੀ ਨੁਕਸਾਨ ਹੋਇਆ। ਭਾਜਪਾ ਇਸ ਵਾਰ 40 ਸੀਟਾਂ ਹੀ ਹਾਸਲ ਕਰ ਸਕੀ ਜਦਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਨੇ 110 ਸੀਟਾਂ ਹਾਸਲ ਕੀਤੀਆਂ ਸਨ। ਦੂਜੇ ਪਾਸੇ 2008 ਦੀਆਂ ਚੋਣਾਂ ਵਿੱਚ 28 ਸੀਟਾਂ ਜਿੱਤਣ ਵਾਲੇ ਜਨਤਾ ਦਲ (ਐਸ) ਨੂੰ ਇਸ ਵਾਰ ਫਾਇਦਾ ਹੋ ਗਿਆ।



ਖਬਰ ਦੇਖੋ ਸਫਾ 8 ਤੇ

**ਸਿੱਖ ਜਥੇਬੰਦੀਆਂ ਨੇ ਰੇਲ ਰੋਕ ਕੇ ਕੇਂਦਰ ਸਰਕਾਰ ਖ਼ਿਲਾਫ਼ ਕੀਤੀ ਨਾਅਰੇਬਾਜੀ**



**ਬਾਮਸੇਫ ਇੰਟਰਨੈਸ਼ਨਲ ਨੇ ਡਾ. ਅੰਬੇਦਕਰ ਜੀ ਦਾ 112 ਜਨਮ ਦਿਨ ਮਨਾਇਆ ਅਤੇ ਇਸ ਮੌਕੇ 'ਅੰਬੇਦਕਰ ਟਾਈਮਜ਼' ਦਾ ਵਿਸ਼ੇਸ਼ ਅੰਕ ਰਿਲੀਜ਼ ਕੀਤਾ। ਇਸ ਸਬੰਧੀ ਖ਼ਬਰ ਸਫਾ 4 ਤੇ ਪੜ੍ਹੋ।**

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ ਗੋਸ਼ਟੀ ਅਤੇ ਪੁਸਤਕ ਲੋਕ ਅਰਪਣ ਸਮਾਰੋਹ

ਹੁਸ਼ਿਆਰਪੁਰ- ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ ਗੋਸ਼ਟੀ ਅਤੇ ਪੁਸਤਕ ਲੋਕ ਅਰਪਨ ਸਮਾਰੋਹ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਡਾ. ਕਰਮਜੀਤ ਸਿੰਘ ਸਾਬਕਾ ਚੇਅਰਮੈਨ (ਪੰਜਾਬੀ ਵਿਭਾਗ) ਕੁਰੂਕਸ਼ੇਤਰ ਯੂਨੀਵਰਸਿਟੀ ਅਤੇ ਤ੍ਰਿਪਤਾ ਕੇ ਸਿੰਘ ਨੇ ਕੀਤੀ। ਸਮਾਰੋਹ ਦੇ ਪਹਿਲੇ ਸੈਸ਼ਨ ਵਿਚ ਡਾ. ਜਸਵੰਤ ਰਾਏ ਦੀ ਆਲੋਚਨਾਤਮਕ ਪੁਸਤਕ 'ਪੰਜਾਬੀ ਲੋਕ ਕਥਾਵਾਂ ਦਾ ਬਿਰਤਾਂਤ ਸ਼ਾਸਤਰ' ਦੀ ਘੁੰਡ ਚੁਕਾਈ ਦੇ ਨਾਲ਼ ਉਸ ਉਪਰ ਗੋਸ਼ਟੀ ਵੀ ਕਰਵਾਈ ਗਈ।ਡਾ. ਰਵਿੰਦਰ ਕੌਰ ਨੇ ਪਹਿਲਾ ਪਰਚਾ ਪੇਸ਼ ਕਰਦਿਆਂ ਕਿਹਾ ਕਿ ਡਾ. ਜਸਵੰਤ ਰਾਏ ਨੇ ਆਪਣੀ ਇਸ ਪਹਿਲੀ ਪੁਸਤਕ ਵਿਚ ਦੁਆਬੇ ਦੀਆਂ ਲੋਕ ਕਥਾਵਾਂ ਦੇ ਆਧਾਰ ਤੇ ਬਿਰਤਾਂਤ ਸ਼ਾਸਤਰ ਸਿਰਜਿਆ ਹੈ। ਦੁਆਬੇ ਦੀਆਂ ਲੋਕ ਕਥਾਵਾਂ ਵਿਚ ਪਾਤਰ, ਘਟਨਾਵਾਂ, ਸਮਾਂ, ਸਥਾਨ, ਫੋਕਸੀਕਰਨ ਅਤੇ ਵੱਖ-ਵੱਖ ਲੋਕ ਦ੍ਰਿਸ਼ਟੀਆਂ ਦੀ ਨਿੱਠ ਕੇ ਵਰਤੋ ਕੀਤੀ ਗਈ ਹੈ।ਲੋਕਧਾਰਾ ਦੇ ਮੁਖ ਅੰਗ ਲੋਕ ਕਥਾ ਨੂੰ ਦੇਸੀ ਅਤੇ ਵਿਦੇਸ਼ੀ ਵਿਦਵਾਨਾਂ ਦੀਆਂ ਟਿੱਪਣੀਆਂ ਸਹਿਤ ਅਧਾਰ ਬਣਾ ਕੇ ਤਰਕਮਈ ਢੰਗ ਨਾਲ ਵਰਗਵੰਡ ਕੀਤੀ ਗਈ ਹੈ।

ਦੂਸਰਾ ਪਰਚਾ ਡਾ. ਮਨਮੋਹਨ ਸਿੰਘ 'ਤੀਰ' ਨੇ ਪੇਸ਼ ਕੀਤਾ।ਡਾ. ਤੀਰ ਨੇ ਕਿਹਾ ਕਿ ਲੋਕਧਾਰਾ ਵਿਚ ਖੇਤਰੀ ਕੰਮ ਦੀ ਬਹੁਤ ਮਹੱਤਤਾ ਹੈ।ਪੰਜਾਬੀ ਭਾਸ਼ਾ ਵਿਚ ਖੇਤਰੀ ਕਾਰਜ ਦੇ ਇਕੱਤਰੀਕਰਣ ਦਾ ਕੰਮ ਵੀ ਅੰਗਰੇਜ਼ਾਂ ਨੇ ਸ਼ੁਰੂ ਕੀਤਾ। ਡਾ. ਜਸਵੰਤ ਰਾਏ ਦਾ ਕੰਮ ਇਸ ਕਰਕੇ ਵੀ ਸ਼ਲਾਘਾਯੋਗ ਹੈ ਕਿਉਂਕਿ ਇਸ ਨੇ ਵਣਜਾਰਾ ਬੇਦੀ ਵਾਂਗ ਦੁਆਬੇ ਦੇ ਵੱਖ-ਵੱਖ ਪਿੰਡਾਂ ਵਿਚ ਘੁੰਮ ਕੇ ਬਜ਼ੁਰਗਾਂ ਪਾਸੋਂ ਲੋਕ ਕਥਾਵਾਂ ਰਿਕਾਰਡ ਕੀਤੀਆਂ ਹਨ ਅਤੇ ਫਿਰ ਇਹਨਾਂ ਲੋਕ ਕਥਾਵਾਂ ਨੂੰ ਆਪਣੇ ਅਧਿਐਨ ਵਿਸ਼ਲੇਸ਼ਣ ਦਾ ਅੰਗ ਬਣਾਇਆ ਹੈ। ਇਸ ਪੁਸਤਕ ਵਿਚ ਦੁਆਬੇ ਦੇ ਇਤਿਹਾਸ, ਭੂਗੋਲ, ਸਭਿਆਚਾਰ, ਰਾਜਨੀਤਕ ਅਤੇ ਧਾਰਮਿਕ ਖੇਤਰ ਸਬੰਧੀ ਭਰਪੂਰ ਜਾਣਕਾਰੀ ਉਪਲੱਬਧ ਹੈ।ਚਰਚਾ ਵਿਚ ਭਾਗ ਲੈਂਦਿਆਂ ਸਥਾਪਿਤ ਸ਼ਾਇਰ ਮਦਨਵੀਰਾ ਨੇ ਕਿਹਾ ਕਿ ਦੁਆਬੇ ਦੀ ਲੋਕ ਕਥਾ ਨੂੰ ਅਧਾਰ ਬਣਾ ਕੇ ਲਿਖੀ ਇਹ ਆਲੋਚਨਾਤਮਕ ਪੁਸਤਕ ਪੰਜਾਬੀ ਲੋਕ ਸਾਹਿਤ ਵਿਚ ਇੱਕ ਸ਼ੁਭ ਕਦਮ ਹੈ।ਲੋਕ ਕਥਾ ਤੇ ਦੁਆਬੇ ਇਲਾਕੇ 'ਚ ਹੋਇਆ ਇਹ ਪਹਿਲਾ ਮੌਲਿਕ ਕੰਮ ਹੈ।ਡਾ. ਜਸਵੰਤ ਰਾਏ ਨੇ ਆਲੋਚਨਾ ਪਰਚਿਆਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਖੇਤਰੀ ਕਾਰਜ ਸਬੰਧੀ ਦਿਲਚਸਪ ਤਜਰਬਿਆਂ ਨੂੰ ਸਾਂਝਾ ਕੀਤਾ।ਚਰਚਾ ਵਿਚ ਡਾ. ਸੁਖਦੇਵ ਢਿੱਲੋਂ, ਸ਼ਾਇਰ ਸੁਰਿੰਦਰ ਕੰਗਵੀ ਨੇ ਵੀ ਭਾਗ ਲਿਆ।

ਦੂਸਰੇ ਸੈਸ਼ਨ ਵਿਚ ਸ਼ਾਇਰ ਕੁਲਤਾਰ ਸਿੰਘ 'ਕੁਲਤਾਰ' ਦਾ ਗ਼ਜ਼ਲ ਸੰਗ੍ਰਹਿ 'ਸਰਘੀ ਦੀ ਸਰਗਮ' ਨੂੰ ਲੋਕ ਅਰਪਨ ਕੀਤਾ ਗਿਆ। ਗ਼ਜ਼ਲਗੋ ਕੁਲਤਾਰ ਨੇ ਆਪਣੀ ਪਲੇਠੀ ਪੁਸਤਕ 'ਚੋਂ ਕੁਝ ਗ਼ਜ਼ਲਾਂ ਨੂੰ ਤਰੰਨੁਮ ਵਿਚ ਪੇਸ਼ ਕਰਕੇ ਵਾਹ ਵਾਹ ਖੱਟੀ। ਪ੍ਰਧਾਨਗੀ ਭਾਸ਼ਣ ਵਿਚ ਸਮੁੱਚੀ ਗਾਲ ਬਾਤ ਨੂੰ ਸਮੇਟਦਿਆਂ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਅੱਜ ਜਦ ਸਾਰੀਆਂ ਯੂਨੀਵਰਸਿਟੀਆਂ ਨੇ ਲੋਕਧਾਰਾ ਦਾ ਪਰਚਾ ਲਾਜ਼ਮੀ ਕਰ ਦਿੱਤਾ ਹੈ ਤਾਂ ਜਸਵੰਤ ਰਾਏ ਦੁਆਰਾ ਕੀਤੇ ਲੋਕ ਕਥਾ ਤੇ ਆਲੋਚਨਾਤਮਕ ਕੰਮ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ।ਸ਼ਾਇਰ ਕੁਲਤਾਰ ਸ਼ੁਰੂ ਤੋਂ ਹੀ ਲੋਕ ਹਿੱਤਾਂ ਨੂੰ ਪਰਣਾਇਆ ਹੋਇਆ ਸ਼ਾਇਰ ਹੈ। ਕੁਲਤਾਰ ਦੀ ਪਲੇਠੀ ਪੁਸਤਕ ਵਿਚ ਪ੍ਰੌੜ ਗ਼ਜ਼ਲਾਂ ਉਸਦੀ ਪ੍ਰਪੱਕ ਵਿਚਾਰਧਾਰਾ ਦੀ ਬਾਤ ਪਾਉਂਦੀਆਂ ਹਨ। ਸਮਾਰੋਹ ਦੌਰਾਨ ਧੰਨਵਾਦੀ ਸ਼ਬਦ ਜਸਵੀਰ ਧੀਮਾਨ ਨੇ ਕਹੇ ਅਤੇ ਸਟੇਜ ਸਕੱਤਰ ਦੀ ਜਿੰਮੇਵਾਰੀ ਡਾ. ਜਸਵੰਤ ਰਾਏ ਨੇ ਨਿਭਾਈ।ਇਸ ਸਮੇਂ ਕਹਾਣੀਕਾਰ ਡਾ. ਸਰਦੂਲ ਸਿੰਘ, ਪ੍ਰੀਤ ਨੀਤਪੁਰ, ਸੋਮਦੱਤ ਦਿਲਗੀਰ, ਦਾਸ ਭਾਰਤੀ, ਸਤਵੰਤ ਕਲੋਟੀ, ਸੁਰਿੰਦਰ ਸੱਲ੍ਹਣ, ਸੰਦੀਪ ਕੁਮਾਰ, ਯੋਧਾ ਮੱਲ, ਲਖਵਿੰਦਰ ਰਾਮ, ਬੇਅੰਤ ਸਿੰਘ, ਹਰਵਿੰਦਰ ਸਾਹਬੀ, ਸਤੀਸ਼ ਕੁਮਾਰ, ਇੰਦਰਜੀਤ ਸਿੰਘ, ਅਵਤਾਰ ਸਿੰਘ, ਅਮਨਗੀਤ ਸਿੰਘ, ਦਵਿੰਦਰ ਕੌਰ, ਗਰਬਚਨ ਕੌਰ, ਬਬੀਤਾ ਰਾਣੀ, ਮਮਤਾ, ਸਰਬਜੀਤ ਕੌਰ, ਮਨਜੀਤ ਕੌਰ, ਬਲਜੀਤ ਕੌਰ ਹਾਜ਼ਰ ਸਨ।

*ਰਿਪੋਰਟ: ਡਾ. ਜਸਵੰਤ ਰਾਏ*







# ਅੱਠ ਸਾਲਾ ਸੁਖਚੰਚਲ ਕੌਰ ਦਾ ਕਹਾਣੀ ਸੰਗ੍ਰਹਿ ਨਿੱਕੀਆਂ ਕਰੂੰਬਲਾਂ ਵਲੋਂ ਜਾਰੀ

ਹੁਸ਼ਿਆਰਪੁਰ (ਤਨਵੀਰ ਮਾਨ)- ਪੰਜਾਬੀ ਬਾਲ ਸਾਹਿਤ ਦੇ ਖੇਤਰ ਵਿਚ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵਲੋਂ ਅੱਠ ਸਾਲਾ ਬੱਚੀ ਸੁਖਚੰਚਲ ਕੌਰ ਦਾ ਕਹਾਣੀ ਸੰਗ੍ਰਹਿ 'ਨੱਨੂੰ ਦਾ ਬਗੀਚਾ' ਪ੍ਰਕਾਸ਼ਿਤ ਕਰਕੇ ਇਕ ਇਤਿਹਾਸਕ ਪ੍ਰਾਪਤੀ ਕੀਤੀ ਗਈ ਹੈ।ਇਹ ਵਿਚਾਰ ਰੋਪੜ ਦੇ ਜ਼ਿਲਾ ਲੋਕ ਸੰਪਰਕ ਅਧਿਕਾਰੀ ਅਤੇ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦੇ ਮੁੱਖ ਸਲਾਹਕਾਰ ਪ੍ਰੋ. ਬਲਦੇਵ ਸਿੰਘ ਬੱਲੀ ਨੇ ਕਰੂੰਬਲਾਂ ਭਵਨ ਮਾਹਿਲਪੁਰ ਵਿਚ ਆਰਟਿਸਟ ਕੁਲਵਿੰਦਰ ਕੌਰ ਰੂਹਾਨੀ ਦੀ ਪੁੱਤਰੀ ਸੁਖਚੰਚਲ ਨੱਨੂੰ ਦੀ ਪੁਸਤਕ ਜਾਰੀ ਕਰਦਿਆਂ ਆਖੇ। ਉਹਨਾਂ ਕਿਹਾ ਪੰਜਾਬੀ ਬਾਲ ਅਦਬ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਅੱਠ ਸਾਲ ਦੇ ਬੱਚੇ ਦੀ ਪੁਸਤਕ ਦਾ ਪ੍ਰਕਾਸ਼ਨ ਹੋਇਆ ਹੈ।

ਇਸ ਰੰਗਦਾਰ ਪੁਸਤਕ ਵਿਚ ਨੱਨੂੰ ਦੀਆਂ ਅੱਠ ਰੌਚਿਕ ਕਹਾਣੀਆਂ ਦਰਜ ਹਨ।ਜਿਨ੍ਹਾਂ ਬਾਰੇ ਅੰਤਰ-ਰਾਸ਼ਟਰੀ ਵਿਗਿਆਨੀ ਤੇ ਲੇਖਕ ਡਾ. ਫਕੀਰ ਚੰਦ ਸ਼ੁਕਲਾ ਨੇ ਬੜੀ ਕੀਮਤੀ ਰਾਏ ਦਿੱਤੀ ਹੈ। ਇਸ ਪ੍ਰਾਪਤੀ ਦਾ ਸਿਹਰਾ ਰਸਾਲੇ ਦੇ ਸੰਪਾਦਕ ਅਤੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਸਿਰ ਬੱਝਦਾ ਹੈ ਜਿਸ ਨੇ ਆਪਣੀ ਸਿਰ ਤੋੜ ਮਿਹਨਤ ਨਾਲ ਬਾਲ ਸਾਹਿਤ ਜਗਤ ਵਿਚ ਸੰਦਲੀ ਪੈੜਾਂ ਦੀ ਸਿਰਜਣਾ ਕੀਤੀ ਹੈ। ਉਹਨਾਂ ਇਹ ਵੀ ਦੱਸਿਆ ਕਿ ਨੱਨੂੰ ਦੀਆਂ ਕਵਿਤਾਵਾਂ ਦੀ ਵੀ ਇਕ ਪੁਸਤਕ ਜੱਲਦੀ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਸੁਰ ਸੰਗਮ ਵਿਦਿਅਕ ਟਰੱਸਟ ਮਾਹਿਲਪੁਰ ਵਲੋਂ ਆਯੋਜਿਤ ਪੁਸਤਕ ਰਿਲੀਜ਼ ਸਮਾਗਮ ਵਿਚ ਮਹਿਮਾਨਾ ਨੂੰ ਜੀ ਆਇਆਂ ਨੂੰ ਆਖਦਿਆਂ ਪ੍ਰਬੰਧਕੀ ਸੰਪਾਦਕਾ ਪ੍ਰਿੰ. ਮਨਜੀਤ ਕੌਰ ਨੇ ਕਿਹਾ ਕਿ ਉਹਨਾਂ ਵਲੋਂ ਆਪਣੇ ਸੀਮਤ ਸਾਧਨਾ ਨਾਲ ਬਾਲ ਸਾਹਿਤ ਦੇ ਪ੍ਰਕਾਸ਼ਨ ਵਿਚ ਸ਼ਾਨਦਾਰ ਤੇ ਜਾਨਦਾਰ ਪਿਰਤਾਂ ਪਾਈਆਂ ਜਾ ਰਹੀਆਂ ਹਨ। ਇਸੇ ਕਰਕੇ ਨਿੱਕੀਆਂ ਕਰੂੰਬਲਾਂ ਦੀ ਗੱਲ ਦੁਨੀਆਂ ਦੇ ਹਰ ਕੋਨੇ ਵਿਚ ਬੈਠਾ ਪੰਜਾਬੀ ਬੜੇ ਮਾਣ ਨਾਲ ਕਰ ਰਿਹਾ ਹੈ।ਪੰਮਾ ਪੇਂਟਰ ਅਤੇ ਪੰਮੀ ਖੁਸ਼ਹਾਲਪੁਰੀ ਨੇ ਆਪਣੇ ਵਿਅੰਗ-ਮਈ ਗੀਤਾਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਸ.ਬੱਗਾ ਸਿੰਘ ਆਰਟਿਸਟ ਰਿਟਾ. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨੇ ਕਿਹਾ ਕਿ ਇਹ ਪੁਸਤਕ ਅਤੇ ਬੱਚੀ ਮਾਹਿਲਪੁਰ ਨੂੰ ਪੂਰੀ ਦੁਨੀਆ ਵਿਚ ਮਾਣ ਦਿਵਾਏਗੀ। ਮੁੱਖ ਅਧਿਆਪਕ ਸਰਵਣ ਰਾਮ ਭਾਟੀਆ ਨੇ ਕਿਹਾ ਕਿ ਅਜਿਹੇ ਬੱਚਿਆਂ ਦੀ ਪ੍ਰਤਿਭਾ ਨੂੰ ਸੰਭਾਲਣ ਲਈ ਮਾਪਿਆਂ ਅਧਿਆਪਕਾਂ ਅਤੇ ਸਰਕਾਰਾਂ ਨੂੰ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ।



*ਨੱਨੂੰ ਦਾ ਬਗੀਚਾ ਪੁਸਤਕ ਨੂੰ ਜਾਰੀ ਕਰਦੇ ਹੋਏ ਸੰਪਾਦਕ ਬਲਜਿੰਦਰ ਮਾਨ ਅਤੇ ਬੱਗਾ ਸਿੰਘ ਆਰਟਿਸਟ। ਨਾਲ ਖੜ੍ਹੇ ਨੇ ਕੁਲਵਿੰਦਰ ਕੌਰ ਰੂਹਾਨੀ, ਸਰਵਣ ਰਾਮ ਭਾਟੀਆ, ਗੁਰਦੇਵ ਸਿੰਘ, ਬਖਸ਼ੀਸ਼ ਸਿੰਘ, ਸੁਰਿੰਦਰ ਕੌਰ ਆਦਿ।*

ਟਰੱਸਟ ਵਲੋਂ ਬੱਚੀ ਨੂੰ ਮਾਣ ਸਨਮਾਨ ਵੀ ਦਿੱਤਾ ਗਿਆ। ਵਿਦਿਅਕ ਸੰਸਥਾਵਾਂ ਦੇ ਸਲਾਹਕਾਰ ਗੁਰਦੇਵ ਸਿੰਘ ਨੇ ਬੱਚੀ ਅਤੇ ਉਸਦੇ ਪਰਿਵਾਰ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਇਹ ਸਾਡੇ ਸਮਾਜ ਦੀ ਸੁਨਹਿਰੀ ਕਰੂੰਬਲ ਹੈ ਜਿਸ ਤੇ ਜਿੰਨਾ ਵੀ ਮਾਣ ਕਰੀਏ ਉਹ ਥੋੜ੍ਹਾ ਹੈ।

ਬੁਲਾਰਿਆਂ ਵਲੋਂ ਪੁਸਤਕ ਦੇ ਪ੍ਰਕਾਸ਼ਨ ਲਈ ਬਲਜਿੰਦਰ ਮਾਨ ਵਲੋਂ ਕੀਤੇ ਗਏ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ ਗਈ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਪਟਨ ਬਖਸ਼ੀਸ਼ ਸਿੰਘ,ਸ_ਰਿੰਦਰ ਕੌਰ, ਅਮਰੀਕ ਦਿਆਲ, ਰਾਮ ਤਰਿਥ ਕੌਰ, ਕੁਲਦੀਪ ਕੌਰ ਬੈਂਸ, ਪ੍ਰਿੰ. ਵਿਜੇ ਭੱਟੀ, ਤਨਵੀਰ ਮਾਨ, ਰਵਨੀਤ ਕੌਰ ਅਤੇ ਹਰਮਨਪ੍ਰੀਤ ਕੌਰ ਵੀ ਹਾਜ਼ਰ ਸਨ।

# ਬਾਬਾ ਸਾਹਿਬ ਜੀ ਵਲੋ ਬਣਾਏ ਗਏ ਸੰਵਿਧਾਨ ਦਾ ਅਸੀ ਆਨੰਦ ਮਾਣ ਰਹੇ ਹਾ :- ਸੋਮ ਪ੍ਰਕਾਸ ਕੈਂਥ

## ਪੋਸਟ ਮੈਟ੍ਰਿਕ ਸਕਾਲਰਸ਼ਿੱਪ ਸਕੀਮ ਦਾ ਐਸ.ਸੀ.ਤੇ ਬੀ.ਸੀ.ਵਿਦਿਆਰਥੀ ਲਾਭ ਉਠਾਉਣ - ਬਾਘਾ



ਫਗਵਾੜਾ, 8 ਮਈ ( ਬੀ.ਕੇ.ਰੱਤੂ )- ਸ਼੍ਰੀ ਗੁਰੂ ਰਵਿਦਾਸ ਮਿਸ਼ਨ ਐਡ ਵੈਲਫੇਅਰ ਸੁਸਾਇਟੀ ਮੁਹੱਲਾ ਸੰਤੋਖਪੁਰਾ ਵਲੋ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ ਜਿਸ ਵਿੱਚ ਹਲਕਾ ਫਗਵਾੜਾ ਦੇ ਵਿਧਾਇਕ ਅਤੇ ਮੁੱਖ ਪਾਰਲੀਮਾਨੀ ਸਕੱਤਰ ਸ਼੍ਰੀ ਸੋਮ ਪ੍ਰਕਾਸ ਕੈਥ, ਮਾਰਕਫੈਡ ਪੰਜਾਬ ਦੇ ਚੇਅਰਮੈਨ ਐਡਵੋਕੇਟ ਸ: ਜਰਨੈਲ ਸਿੰਘ ਵਾਹਦ , ਜਥੇਦਾਰ ਸਰਵਣ ਸਿੰਘ ਕੁਲਾਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁੱਖ ਮਹਿਮਾਨ ਅਤੇ ਸ੍ਰੀ ਰਾਜੇਸ ਬਾਘਾ ਚੇਅਰਮੈਨ ਐਸ ਸੀ ਐਸ ਟੀ ਕਮਿਸਨ ਪੰਜਾਬ ਅਤੇ ਸ: ਰਣਜੀਤ ਸਿੰਘ ਖੁਰਾਣਾ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ ਇਸ ਸਮਾਗਮ ਵਿੱਚ ਵਿਸੇਸ਼ ਤੋਰ ਤੇ ਸਾਮਲ ਹੋਏ । ਇਸ ਮੋਕੇ ਤੇ ਸੁਸਾਇਟੀ ਦੇ ਪ੍ਰਧਾਨ ਭੁਪਿੰਦਰ ਭਿੰਦਾ, ਮੀਤ ਪ੍ਰਧਾਨ ਸੁਰੇਸ਼ ਕੁਮਾਰ ਅਤੇ ਹੋਰ ਮੈਂ-ਬਰਾਂ ਵਲੋਂ ਪੁੱਜੇ ਹੋਏ ਲੀਡਰ ਸਹਿਬਾਨਾਂ ਨੂੰ ਫੁੱਲਾ ਦੇ ਹਾਰ ਪਾ ਕੇ ਜੀ ਆਇਆ ਆਖਿਆ । ਇਸ ਮੌਕੇ ਤੇ ਆਪਣੇ ਸਬੋਧਨ ਵਿੱਚ ਵਿਧਾਇਕ ਸ਼੍ਰੀ ਸੋਮ ਪ੍ਰਕਾਸ ਕੈਥ ਨੇ ਕਿਹਾ ਕਿ ਕਮੇਟੀ ਵਲੋ ਮਨਾਏ ਜਾ ਰਹੇ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਅੱਜ ਅਸੀ ਉਨ੍ਹਾਂ ਵਲੋ ਬਣਾਏ ਗਏ ਸੰਵਿਧਾਨ ਦਾ ਅਸੀ ਆਨੰਦ ਮਾਣ ਰਹੇ ਹਾ। ਇਸ ਮੌਕੇ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਰਜੇਸ਼ ਬਾਘਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀ ਸਾਂਝੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਐਸ.ਸੀ ਤੇ ਬੀ.ਸੀ. ਵਿਦਿਆਰਥੀਆਂ ਲਈ ਉੱਚ ਵਿੱਦਿਆ ਬਿਲਕੁਲ ਫ਼ਰੀ ਹੈ। ਇਸ ਦਾ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਬਾਬਾ ਸਾਹਿਬ ਦੇ ਜਨਮ ਦਿਨ ਦੀ ਵਧਾਈ ਦਿੱਤੀ ਤੇ ਬਾਬਾ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੋਕੇ ਤੇ ਆਪਣੇ ਸਬੋਧਨ ਵਿੱਚ ਐਡਵੋਕੇਟ ਸ: ਜਰਨੈਲ ਸਿੰਘ ਵਾਹਦ ਨੇ ਕਿਹਾ ਕਿ ਸਾਨੂੰ ਸੰਭਨਾਂ ਨੂੰ ਆਪਣੇ ਬੱਚਿਆਂ ਨੂੰ ਵੱਧ ਤੋ ਵੱਧ ਪੜਾਉਣਾ ਚਾਹੀਦਾ ਹੈ ਜਿਸ ਤਰ੍ਹਾਂ ਬਾਬਾ ਸਾਹਿਬ ਛੋਟੇ ਜਿਹੇ ਗਰੀਬ ਪਰਿਵਾਰ ਤੋ ਉੱਠਕੇ ਹਿੰਦੋਸਤਾਨ ਦੇ ਸੰਵਿਧਾਨ ਨਿਰਮਾਤਾ ਬਣੇ ਸਾਡੇ ਬੱਚੇ ਵੀ ਸਾਡੇ ਦੇਸ਼ ਅਤੇ ਸਮਾਜ ਦੀ ਤਰੱਕੀ ਵਿੱਚ ਹਿੱਸਾ ਪਾਉਣ। ਇਸ ਮੋਕੇ ਤੇ ਆਪਣੇ ਸਬੋਧਨ ਵਿੱਚ ਜਥੇਦਾਰ ਸਰਵਣ ਸਿੰਘ ਕੁਲਾਰ ਨੇ ਕਿਹਾ ਕਿ ਬਾਬਾ ਸਾਹਿਬ ਨੇ ਆਪਣੇ ਜੀਵਣ ਵਿੱਚ ਬਹੁਤ ਹੀ ਸਘੰਰਸਮਈ ਘੋਲ ਕੀਤਾ ਹੈ।

ਉਨ੍ਹਾਂ ਨੇ ਕਿਹਾ ਕਿ ਬਾਬਾ ਸਾਹਿਬ ਨੇ ਦੱਬੇ ਕੁਚਲੇ ਲੋਕਾਂ ਨੂੰ ਇੱਕ ਨਵੀ ਰਾਹ ਦਿਖਾਈ । ਇਸ ਮੋਕੇ ਤੇ ਮੁਹੱਲਾ ਸੰਤੋਖਪੁਰਾ ਦੇ ਸਾਬਕਾ ਕੌਸਲਰ ਅਤੇ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸ: ਰਣਜੀਤ ਸਿੰਘ ਖੁਰਾਣਾ ਨੇ ਆਪਣੇ ਸਬੋਧਨ ਵਿੱਚ ਬਾਬਾ ਸਾਹਿਬ ਦੀ ਜੀਵਣੀ ਬਾਰੇ ਦੱਸਿਆ ਅਤੇ ਕਿਹਾ ਬਾਬਾ ਸਾਹਿਬ ਨੇ ਔਰਤਾਂ ਲਈ ਆਰਥਿਕ ਅਤੇ ਸਮਾਜਿਕ ਸੁਧਾਰਾਂ ਦੀ ਵਕਾਲਤ ਕੀਤੀ ਹੈ । ਇਸ ਮੋਕੇ ਤੇ ਖੁਰਾਣਾ ਨੇ ਮੁਹੱਲਾ ਵਾਸੀਆਂ ਅਤੇ ਸੁਸਾਇਟੀ ਦੇ ਅਹੁੱਦੇਦਾਰਾਂ ਵਲੋ ਪੁੱਜੇ ਹੋਏ ਲੀਡਰ ਸਾਹਿਬਾਨਾ ਦਾ ਧੰਨਵਾਦ ਕੀਤਾ। ਸਮਾਗਮ ਦੌਰਾਨ ਬੱਚਿਆਂ ਨੂੰ ਕਾਪੀਆਂ ਕਿਤਾਬਾਂ ਦੀ ਵੰਡ ਮਹਿਮਾਨਾਂ ਵਲੋ ਕੀਤੀ ਗਈ।

ਇਸ ਮੋਕੇ ਤੇ ਸਕੂਲੀ ਬੱਚਿਆਂ ਵਲੋ ਕਵਿਤਾਵਾਂ ਵੀ ਪੇਸ਼ ਕੀਤੀਆਂ ਗਈਆਂ ਅੰਤ ਵਿੱਚ ਸੁਸਾਇਟੀ ਨੇ ਪੁੱਜੇ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੋਕੇ ਤੇ ਸੁਰਿੰਦਰ ਢੰਡਾ ਪ੍ਰਧਾਨ ਅੰਬੇਡਕਰ ਸੈਨਾ ਪੰਜਾਬ, ਚੇਅਰਮੈਨ ਰਜਿੰਦਰ ਘੇੜਾ, ਬਲਵਿੰਦਰ ਬੌਬੀ, ਹੁਸਨ ਲਾਲ, ਜਸਪਾਲ, ਦਵਿੰਦਰਦੀਪ, ਨਰੇਸ ਕੁਮਾਰ, ਸੰਜੀਵ ਦਾਨੀ, ਕਮਲਜੀਤ ਕਾਕਾ, ਮਨਜੀਤ , ਕਮਲ ਗੋਗਾ, ਮਿੰਟੂ, ਰਾਜੇਸ਼, ਓਮ ਪ੍ਰਕਾਸ ਬਿੱਟੂ ਪੀ.ਏ., ਵਿਨੋਦ ਸੰਤੋਖਪੁਰਾ, ਰਾਜਾ, ਅਮਰਨਾਥ ਟੂਰਾ, ਲਾਲ ਜੀ ਹੀਰ, ਦੀਪਾ, ਅਸ਼ੋਕ ਕੈਥ, ਕੇਵਲ ਕ੍ਰਿਸ਼ਨ, ਸੁਰਿੰਦਰ ਸਿੰਦੀ, ਨਰਿੰਦਰ ਕੁਮਾਰ, ਜਸਵੀਰ ਸਿੰਘ, ਤੋ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜਰ ਸਨ।

# ਬੁੱਧ ਧਰਮ ਇਕ ਸਮਾਜਿਕ ਕ੍ਰਾਂਤੀ

ਡਾ. ਡੀ. ਆਰ. ਜਾਟਵ
ਐਮ. ਏ. (ਰਾਜਨੀਤੀ ਦੇ ਦਰਸ਼ਨ)
ਐਲ. ਐਲ. ਬੀ., ਪੀ. ਐਚ. ਡੀ., ਡੀ. ਲਿੱਟ

ਆਪਣੇ ਸਮੇਂ ਦੇ ਅਨੇਕਾਂ ਵਾਦਾਂ ਨੂੰ ਬੁੱਧ ਨੇ ਨਹੀਂ ਕਬੂਲਿਆ ਸਗੋਂ ਭਾਰਤੀ ਸਮਾਜ ਜਿਹੜਾ ਵੈਦਿਕ ਵਾਦ ਦੀ ਗੂੜ੍ਹੀ ਛਾਂ ਹੇਠ ਅੰਧਵਿਸ਼ਵਾਸੀ ਤੇ ਲਕੀਰ ਦਾ ਫਕੀਰ ਜਾਂ ਪਿਛਲਗੂ ਬਣ ਕੇ, ਸਾਰੇ ਦਾ ਸਾਰਾ ਈਸ਼ਵਰਵਾਦੀ ਹੋ ਗਿਆ ਸੀ, ਉਸ ਦੇ ਖਿਲਾਫ ਬੁੱਧ ਨੇ ਬਗਾਵਤ ਕੀਤੀ। ਬੁੱਧ ਅਨੁਸਾਰ ਸਮਾਜ ਨੂੰ ਇਨਸਾਨੀ ਕੋਸ਼ਿਸ਼ਾਂ ਜਾਂ ਧਰਮ ਰਾਹੀਂ ਚੰਗੇਰਾ ਤੇ ਖੁਸ਼ਹਾਲ ਬਣਾਇਆ ਜਾ ਸਕਦਾ ਹੈ। ਹਰ ਕੋਈ ਆਪਣੀਆਂ ਕੋਸ਼ਿਸ਼ਾਂ ਨਾਲ ਖੁਦ ਮੁਕਤੀ ਹਾਸਲ ਕਰ ਸਕਦਾ ਹੈ, ਇਸ ਵਿਚ ਕਿਸੇ ਰੱਬ ਜਾਂ ਵਿਚੋਲੇ ਦੀ ਲੋੜ ਨਹੀਂ। ਬੁੱਧ ਧਰਮ ਨੇ ਇਨਸਾਨੀ ਢਾਂਚੇ ਨੂੰ ਸਤਿਕਾਰ ਦਿੱਤਾ ਅਤੇ ਸਮਾਜੀ ਨੈਤਿਕਤਾ ਦੀਆਂ ਜੜ੍ਹਾਂ ਨੂੰ ਮਜ਼ਬੂਤ ਬਣਾਇਆ। ਉਸ ਨੇ ਵੇਦਾਂ-ਸ਼ਾਸਤ੍ਰਾਂ ਤੇ ਨਰਕ-ਸਵਰਗ ਦੇ ਖਿਆਲਾਂ ਨੂੰ ਬਿਲਕੁਲ ਹੀ ਮੰਨਣੋਂ ਇਨਕਾਰ ਕਰ ਦਿੱਤਾ ਤਾਂ ਜੋ ਆਦਮੀ ਆਜ਼ਾਦ ਹੋ ਕੇ ਸੋਚੇ। ਇਸੇ ਲਈ ਬੁੱਧ ਧਰਮ ਧਾਰਮਿਕ ਕ੍ਰਾਂਤੀ ਦੀ ਬਜਾਏ ਸਮਾਜਿਕ ਕ੍ਰਾਂਤੀ ਦੇ ਰੂਪ ਵਿਚ ਕਿਤੇ ਵੱਧ ਉਭਰਿਆ। ਉਸਨੇ ਆਪਸੀ ਮੇਲ ਜੋਲ ਦੀ ਨੈਤਿਕਤਾ 'ਤੇ ਜ਼ਿਆਦਾ ਜ਼ੋਰ ਦਿੱਤਾ ਅਤੇ ਸਮਾਜਿਕ ਬਰਾਬਰੀ ਦੇ ਲੋਕਤੰਤਰੀ ਸਿਧਾਂਤ ਦੀ ਨੀਂਹ ਰੱਖੀ, ਜਿਹੜੀ ਮੌਜੂਦਾ ਮੌਕੇ ਲਈ, ਭਾਰਤ ਵਾਸਤੇ, ਇਕ ਵਡਮੁੱਲੀ ਦੇਣ ਹੈ।



ਬੁੱਧ ਦੇ ਨੈਤਿਕ ਸਿਧਾਂਤ ਦਾ ਬ੍ਰਾਹਮਣਵਾਦ ਦੇ ਆਤਮਾ, ਪ੍ਰਮਾਤਮਾ, ਪੂਜਾ, ਪਾਠ, ਬਲੀ ਅਤੇ ਨਰਕ-ਸਵਰਗ ਨਾਲ ਕੋਈ ਵਾਸਤਾ ਨਹੀਂ। ਤਥਾਗਤ ਦੇ ਧਰਮ ਦਾ ਕੇਂਦਰ ਹੈ ਆਦਮੀ ਅਤੇ ਇਸੇ ਧਰਤੀ ਉਤੇ ਆਦਮੀ ਦਾ ਆਦਮੀ ਨਾਲ ਸਬੰਧ। ਇਹ ਬੁੱਧ ਧਰਮ ਦਾ ਪਹਿਲਾ ਮੁੱਢ ਹੈ। ਉਹਨਾਂ ਦੇ ਧਰਮ ਦਾ ਦੂਜਾ ਮੁੱਢ ਹੈ ਕਿ ਇਨਸਾਨੀ ਜੀਵ ਦੁੱਖ, ਪੀੜ ਅਤੇ ਗਰੀਬੀ ਵਿਚ ਜੀਅ ਰਹੇ ਹਨ। ਇਹ ਸੰਸਾਰ ਦੁੱਖਾਂ ਨਾਲ ਭਰਿਆ ਪਿਆ ਹੈ ਅਤੇ ਸੰਸਾਰ ਤੋਂ ਦੁੱਖ ਕਿਵੇਂ ਹਟਾਏ ਜਾਣ, ਧਰਮ ਦਾ ਇਹੋ ਹੀ ਅਸਲ ਮਕਸਦ ਹੈ। ਇਸ ਤੋਂ ਸਿਵਾ ਧਰਮ ਹੋਰ ਕੁਝ ਨਹੀਂ। ਧਰਮ ਦਾ ਵਿਸ਼ੇਸ਼ ਪੱਖ ਇਹੋ ਹੈ ਕਿ ਉਹ ਆਦਮੀ ਦੀ ਅੰਦਰੂਨੀ ਸ਼ੁੱਧਤਾ ਉਤੇ ਜ਼ੋਰ ਦਿੰਦਾ ਹੈ।

ਉਹ ਸ਼ੁੱਧਤਾ, ਸਦਾਚਰਨ ਅਤੇ ਸਦਗੁਣ ਦੇ ਤਿੰਨਾਂ ਰਸਤਿਆਂ ਰਾਹੀਂ ਸਵੈ ਕਾਬੂ ਅਤੇ ਚੰਗੇ ਵਰਤਾਓ ਨੂੰ ਪਹਿਲ ਦਿੰਦਾ ਹੈ। ਜਨਮ ਤੋਂ ਕੋਈ ਆਦਮੀ ਨੀਚ ਨਹੀਂ ਹੁੰਦਾ ਅਤੇ ਨਾ ਹੀ ਜਨਮ ਤੋਂ ਕੋਈ ਚੰਗੇ ਗੁਣਾਂ ਵਾਲਾ ਹੀ ਬਣਦਾ ਹੈ।' ਆਦਮੀ ਹੌਲੀ ਹੌਲੀ ਆਪਣੀਆਂ ਭੈੜੀਆਂ ਆਦਤਾਂ ਦਾ ਖਾਤਮਾ ਕਰ ਸਕਦਾ ਹੈ। ਇੰਝ ਬੁੱਧ ਧਰਮ ਸਭ ਤੋਂ ਪਹਿਲਾਂ ਆਦਮੀ ਦੀ ਸ਼ੁੱਧਤਾ ਉਤੇ ਜੋਰ ਦਿੰਦਾ ਹੈ ਤਾਂ ਜੋ ਉਹ ਹੋਰਨਾਂ ਨੂੰ ਸਿੱਖਿਆ ਦੀਖਿਆ ਦੇ ਕੇ ਸਮਾਜ ਨੂੰ ਦੁੱਖਾਂ ਤੋਂ ਛੁਟਕਾਰਾ ਦਿਵਾ ਸਕੇ, ਹਉਮੈ ਅਤੇ ਹੰਕਾਰ ਨੂੰ ਖਤਮ ਕਰਨਾ ਜ਼ਰੂਰੀ ਹੈ। ਬੁੱਧ ਦੀ ਇਸ ਸਿੱਖਿਆ ਦਾ ਸਮਾਜ ਉਤੇ ਬਹੁਤ ਅਸਰ ਪਿਆ।

ਆਦਮੀ ਦੇ ਚਰਿੱਤਰ ਨੂੰ ਸਹੀ ਤੇ ਚੰਗੇ ਗੁਣਾਂ ਵਾਲਾ ਬਣਾਈ ਰੱਖਣ ਲਈ ਬੁੱਧ ਨੇ ਮੱਧ (ਵਿਚਕਾਰਲਾ) ਮਾਰਗ ਕਾਇਮ ਕੀਤਾ। ਭਾਵ ਜਿਸ ਨਾਲ ਆਦਮੀ ਨਾ ਤਾਂ ਬਹੁਤ ਹੀ ਐਸ਼ੋ-ਆਰਾਮ ਦੀ ਜ਼ਿੰਦਗੀ ਗੁਜ਼ਾਰਦਾ ਹੈ ਅਤੇ ਨਾ ਹੀ ਬਹੁਤ ਦੁੱਖਾਂ-ਕਸ਼ਟਾਂ ਵਾਲੀ ਜ਼ਿੰਦਗੀ ਜਿਉਂਦਾ ਹੈ। ਵਿਚਕਾਰਲਾ ਰਾਹ ਇਨਸਾਨਾਂ ਨੂੰ ਜ਼ਿੰਦਗੀ ਦੀਆਂ ਵੱਖੋ ਵੱਖ ਜ਼ਿਆਦਤੀਆਂ ਤੋਂ ਬਚਾਉਂਦਾ ਹੈ। ਸਾਫ ਲਫਜ਼ਾਂ ਵਿਚ ਬੁੱਧ ਧਰਮ ਆਦਮੀ ਤੋਂ ਵੱਧ ਕੇ ਹੋਰ ਕਿਸੇ ਨੂੰ ਨਹੀਂ ਮੰਨਦਾ ਅਤੇ ਇਹ ਮੰਗ ਕਰਦਾ ਹੈ ਕਿ ਲੋਕਾਂ ਨੂੰ "ਬਹੁਜਨ ਹਿਤਾਏ, ਬਹੁਜਨ ਸੁਖਾਏ'' ਦੇ ਸਿਧਾਂਤ ਦੀ ਪਾਲਣਾ ਕਰਨੀ ਚਾਹੀਦੀ ਹੈ। ਇਹ ਧਰਮ 'ਇਨਸਾਨ ਦੀ ਦੁੱਖਾਂ ਤੋਂ ਮੁਕਤੀ' ਦਾ ਫਲਸਫਾ ਹੈ।

ਬੁੱਧ ਦੀ ਨੈਤਿਕਤਾ (ਧਰਮ) ਆਤਮਾ ਦੀ ਹੋਂਦ ਨੂੰ ਨਹੀਂ ਮੰਨਦੀ। ਇਸ ਕਰਕੇ ਪਿਛਲੇ ਜਨਮਾਂ ਦੇ ਕਰਮਾਂ ਦੇ ਫਲ ਨੂੰ ਨਹੀਂ ਕਬੂਲ ਕਰਦੀ ਹੈ। ਇਸ ਸਿਧਾਂਤ (ਆਤਮਾ ਦੀ ਅਮਰਤਾ) ਮੁਤਾਬਕ ਇਨਸਾਨ ਨੂੰ ਆਪਣੇ ਕਰਮਾਂ ਅਨੁਸਾਰ ਜਨਮ ਦਰ ਜਨਮ ਇਨਾਮ ਜਾਂ ਸਜਾ ਮਿਲਦੀ ਰਹਿੰਦੀ ਹੈ, ਸਮਾਜ ਆਪਣੀ ਜ਼ਿੰਮੇਵਾਰੀ ਤੋਂ ਬਚਿਆ ਰਹਿੰਦਾ ਹੈ। ਬੁੱਧ ਧਰਮ ਇਹ ਮੰਨਦਾ ਹੈ ਕਿ ਸਮਾਜ ਇਨਸਾਨ ਦੇ ਕਰਮਾਂ ਦਾ ਨਤੀਜਾ ਹੈ। ਸਮਾਜ ਦਾ ਕਲਿਆਣ ਖੁਦ ਆਦਮੀ ਦੇ ਹੱਥਾਂ ਵਿਚ ਹੈ। ਆਦਮੀ ਦੇ ਚੰਗੇ ਕੰਮਾਂ ਸਦਕਾ ਚੰਗੀ ਵਿਵਸਥਾ ਕਾਇਮ ਹੁੰਦੀ ਹੈ। ਆਦਮੀ ਦੇ ਚੰਗੇ ਕੰਮਾਂ ਸਦਕਾ ਚੰਗੀ ਵਿਵਸਥਾ ਕਾਇਮ ਹੁੰਦੀ ਹੈ ਅਤੇ ਭੈੜੇ ਕੰਮਾਂ ਨਾਲ ਭੈੜੀ। ਆਦਮੀ ਦੇ ਸ਼ੁਭ ਖਿਆਲ ਅਤੇ ਕੰਮ ਹੀ ਇਸ ਸਮਾਜ ਦੀ ਉਸਾਰੀ ਕਰਦੇ ਹਨ।

ਉਪਰੋਕਤ ਆਧਾਰ 'ਤੇ ਬੁੱਧ ਧਰਮ ਨੇ ਲੋਕਤੰਤਰੀ ਸਮਾਜੀ ਰਿਸ਼ਤਿਆਂ ਦੀ ਆਪਣੀ ਵਿਚਾਰਧਾਰਾ ਨੂੰ ਫੈਲਾਇਆ। ਬੁੱਧ ਸਮਾਜ ਦਾ ਨਜਰੀਆ ਵੈਦਿਕ-ਬ੍ਰਾਹਮਣੀ ਸਮਾਜ ਵਿਵਸਥਾ ਤੋਂ ਉਲਟ ਹੈ।

Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138

INDIA BAZAAR




Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।
Email: indiabazaar08@yahoo.com
304 E HAMMER LANE # 12, STOCKTON CA, 95210

Apna Bazar ਆਪਣਾ ਬਾਜ਼ਾਰ
Indian Grocery Outlet (wholesale and retail)
ਸਾਡੇ ਕੋਲ ਕੁਕਰ, ਕੜਾਹੀਆਂ, ਚੁੱਲ੍ਹੇ, ਮੰਜੇ, ਕੰਬਲ, ਅਚਾਰ, ਸੀ ਡੀ/ਡੀ ਵੀ ਡੀ ਵੀ ਮਿਲਦੀਆਂ ਹਨ।





| Dal | Per Pound | Dal | Per Pound |
|---|---|---|---|
| Masoor Dal ਮਸੂਰ ਦਾਲ | 75 cents ਪਰ ਪੌਂਡ | Bhawan Biskuts | $10.99 per box (ਸੱਤ ਪੌਂਡ) |
| Kala Channa Whole ਕਾਲੇ ਛੋਲੇ | 75 cents ਪਰ ਪੌਂਡ | Adrak (Ginger) ਅਦਰਕ | 65 cents ਪਰ ਪੌਂਡ |
| Channa Dal ਛੋਲਿਆਂ ਦੀ ਦਾਲ | 75 cents ਪਰ ਪੌਂਡ | Lasan (Garlic) ਲਸਣ | 99 cents ਪਰ ਪੌਂਡ |
| Dal Moong/Moth ਮੂੰਗੀ ਦੀ ਦਾਲ | 1.25 cents ਪਰ ਪੌਂਡ | Sher Aatta | $6.99 20 LB Bhavan Aatta – on sale |
| Rajmahan ਰਾਜ ਮਾਂਹ | 79 cents ਪਰ ਪੌਂਡ | Santosh Aatta | $7.49 20LB |
| Maah Dal ਮਾਹਾ ਦੀ ਦਾਲ | 75 cents ਪਰ ਪੌਂਡ | Tea India | $5.75/bag Milk 2 gallons $5.99 |
| Toor Da | $1.25 ਪਰ ਪੌਂਡ | Sweets $4.49 | Punjabi Biscuits– on sale |
| Paneer ਪਨੀਰ | $2.75 ਪਰ ਪੌਂਡ | Red onions | $5.99 25LB |
| | | | Shan Masalas 95 cents/each |

Copy/Fax/Phone card service also available
Ph: 530-751-2442, Cell: 530-315-2442
1494 Bridge Street, Yuba City CA 95991, Near Bridge St Taco Bell

# ਬਾਮਸੇਫ ਇੰਟਰਨੈਸ਼ਨਲ ਨੇ ਮਨਾਇਆ ਡਾ.ਅੰਬੇਦਕਰ ਜੀ ਦਾ 122ਵਾਂ ਜਨਮ ਦਿਨ













ਐਲਕ ਗਰੋਵ (ਕੈਲੀਫੋਰਨੀਆ)- ਬਾਮਸੇਫ ਇੰਟਰਨੈਸ਼ਨਲ, ਕੈਲੀਫੋਰਨੀਆ ਵੱਲੋਂ ਆਧੁਨਿਕ ਭਾਰਤ ਦੇ ਪਿਤਾਮਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ 122ਵਾਂ ਜਨਮ ਦਿਨ ਬੜੇ ਹੀ ਉਤਸ਼ਾਹ ਨਾਲ, ਬੀਤੀ 27 ਅਪ੍ਰੈਲ ਨੂੰ ਐਲਕ ਗਰੋਵ ਸ਼ਹਿਰ ਦੇ ਹੋਲੀਡੇਅ ਇਨ ਦੇ ਹਾਲ ਵਿਚ ਮਨਾਇਆ ਗਿਆ, ਜਿਸ ਵਿਚ ਕੈਲੀਫੋਰਨੀਆ ਦੀਆਂ ਸਾਰੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਸਮੂਹ ਭਾਰਤੀ ਬਹੁਜਨ ਸਮਾਜ ਦੇ ਪਤਵੰਤੇ ਸੱਜਣ ਪਰਿਵਾਰਾਂ ਸਮੇਤ ਸ਼ਾਮਲ ਹੋਏ। ਸਿੱਖ ਰਿਸਰਚ ਇੰਸਟੀਚਿਊਟ ਵੱਲੋਂ ਹਰਿੰਦਰ ਸਿੰਘ ਨਿਊਜਰਸੀ ਤੋਂ ਖਾਸ ਤੌਰ ਤੇ ਇਸ ਸਮਾਗਮ ਵਿਚ ਸ਼ਾਮਲ ਹੋਏ।

ਗੁਰਦੁਆਰਾ ਸਾਹਿਬ ਸਟਾਕਟਨ ਤੋਂ ਮਨਜੀਤ ਸਿੰਘ ਉਪਲ ਅਤੇ ਉਹਨਾਂ ਦੇ ਸਾਥੀ ਅਤੇ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸੈਕਰਾਮੈਂਟੋ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਚਾਹਲ ਵੀ ਸਾਥੀਆਂ ਸਮੇਤ ਇਸ ਸਮਾਗਮ ਵਿਚ ਉਚੇਚੇ ਤੌਰ ’ਤੇ ਪਹੁੰਚੇ। ਪਲਵਿੰਦਰ ਮਾਹੀ ਵੱਲੋਂ ਸਟੇਜ ਸੰਭਾਲਦਿਆਂ ਆਏ ਹੋਏ ਸਮੂਹ ਸਾਥੀਆਂ ਵੱਲੋਂ ਬਾਬਾ ਸਾਹਿਬ ਜੀ ਦੀ ਤਸਵੀਰ ਅੱਗੇ ਫੁੱਲ ਭੇਟ ਕਰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ।

ਪ੍ਰਧਾਨਗੀ ਮੰਡਲ ਵਿਚ ਸ੍ਰੀ ਐਮ. ਆਰ. ਪਾਲ, ਹਰਿੰਦਰ ਸਿੰਘ, ਹਰਬਿਲਾਸ ਝਿੰਗੜ, ਸੁੱਚਾ ਰਾਮ ਭਾਰਟਾ ਅਤੇ ਮਹਿੰਦਰ ਸਿੰਘ ਧਾਮੀ ਸੁਸ਼ੋਭਿਤ ਹੋਏ।

ਸਭ ਤੋਂ ਪਹਿਲਾਂ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਜਨ ਸਿੰਘ ਭਿੰਡਰ ਵੱਲੋਂ ਬਾਬਾ ਸਾਹਿਬ ਜੀ ਦੇ ਜਨਮ ਦਿਵਸ ਮੌਕੇ ਬਹੁਜਨ ਸਮਾਜ ਨੂੰ ਲੱਖ-ਲੱਖ ਵਧਾਈ ਪੇਸ਼ ਕੀਤੀ ਅਤੇ ਨਾਲ ਹੀ ਉਹਨਾਂ ਨੇ ਦੱਸਿਆ ਕਿ ਕਿਵੇਂ ਭਾਰਤੀ ਹਿੰਦੂਤਵ ਬਾਬਾ ਸਾਹਿਬ ਡਾ. ਅੰਬੇਦਕਰ ਅਤੇ ਗਾਂਧੀ ਦੀ ਸੋਚ ਨੂੰ ਇੱਕਮਿਕ ਕਰਨ ਵਿਚ ਲੱਗਾ ਹੋਇਆ ਹੈ, ਜਦਕਿ ਅਸਲੀਅਤ ਇਹ ਹੈ ਕਿ ਬਾਬਾ ਸਾਹਿਬ ਸਮੂਹ ਭਾਰਤੀ ਲੋਕਾਂ ਦਾ ਭਲਾ ਕਰਨਾ ਚਾਹੁੰਦੇ ਸਨ, ਦੂਜੇ ਪਾਸੇ ਗਾਂਧੀ ਸਿਰਫ ਹਿੰਦੂਵਾਦ ਨੂੰ ਬਚਾਉਣ ਵਿਚ ਲੱਗਾ ਹੋਇਆ ਸੀ।

ਬਾਮਸੇਫ ਇੰਟਰਨੈਸ਼ਨਲ ਕੋਆਰਡੀਨੇਟਰ ਦੇ ਐਮ. ਆਰ. ਪਾਲ, ਨੇ ਬਾਬਾ ਸਾਹਿਬ ਦੀ ਸਮਾਜ ਪ੍ਰਤੀ ਦੇਣ ਤੇ ਵਿਚਾਰ ਕੀਤਾ, ਉਹਨਾਂ ਨੇ ਕਿਹਾ ਕਿ ਬਾਬਾ ਸਾਹਿਬ ਚਾਹੁੰਦੇ ਸਨ ਕਿ ਜੋ ਭਾਰਤੀ ਬਹੁਜਨ ਸਮਾਜ ਨੂੰ ਹਿੰਦੂਵਾਦ ਨੇ 600 ਜਾਤਾਂ ਵਿਚ ਵੰਡਿਆ ਹੋਇਆ ਹੈ, ਉਹਨਾਂ ਸਾਰਿਆਂ ਨੂੰ ਇਕ ਪਲੇਟਫਾਰਮ ’ਤੇ ਇਕੱਠਾ ਹੋ ਕੇ ਆਪਣੀ ਆਜ਼ਾਦੀ ਵਾਸਤੇ ਸੰਘਰਸ਼ ਕਰਨਾ ਚਾਹੀਦਾ ਹੈ।

ਸਿੱਖ ਰਿਸਰਚ ਇੰਸਟੀਚਿਊਟ ਵੱਲੋਂ ਹਰਿੰਦਰ ਸਿੰਘ ਜੋ ਕਿ ਵਿਸ਼ੇਸ਼ ਤੌਰ ਤੇ ਨਿਊਜਰਸੀ ਤੋਂ ਇਸ ਸਮਾਗਮ ਵਿਚ ਪਹੁੰਚੇ ਹੋਏ ਸਨ, ਨੇ ਬਾਬਾ ਸਾਹਿਬ ਦੀ ਜ਼ਿੰਦਗੀ ਅਤੇ ਉਹਨਾਂ ਦੀ ਭਾਰਤੀ ਸਮਾਜ ਨੂੰ ਦੇਣ ਅਤੇ ਬਾਬਾ ਸਾਹਿਬ ਇਕ ਸਿੱਖ ਪਰਸਪੈਕਟਿਵ ਆਦਿ ਵਿਸ਼ਿਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਹਨਾਂ ਨੇ ਵਿਚਾਰ ਕਰਦਿਆਂ ਬਹੁਤ ਹੀ ਵਿਸਥਾਰ ਨਾਲ ਬਾਬਾ ਸਾਹਿਬ ਦੀ ਸੋਚ ਅਤੇ ਗੁਰੂ ਗ੍ਰੰਥ ਸਾਹਿਬ ਦਾ ਫਲਸਫਾ ਇਕ ਹੀ ਸਨ’ ਬਾਰੇ ਸਾਥੀਆਂ ਨੂੰ ਜਾਣੂ ਕਰਵਾਇਆ। ਜਦੋਂ ਬਾਬਾ ਸਾਹਿਬ ਸਿੱਖ ਧਰਮ ਵਿਚ ਸ਼ਾਮਲ ਹੋਣ ਜਾ ਰਹੇ ਸਨ, ਉਸ ਵੇਲੇ ਦੀ ਸਿੱਖ ਲੀਡਰਸ਼ਿਪ ਦੀ ਖੋਟੀ ਨੀਅਤ ਅਤੇ ਉਹਨਾਂ ਦੀ ਮਨੂੰਵਾਦੀ ਮਾਨਸਿਕਤਾ ਬਾਰੇ ਵੀ ਸਾਥੀਆਂ ਨੂੰ ਜਾਣੂੰ ਕਰਵਾਇਆ। ਉਹਨਾਂ ਨੇ ਹੋਰ ਅੱਗੇ ਬੋਲਦਿਆਂ ਦੱਸਿਆ ਕਿ ਕਿਸ ਤਰ੍ਹਾਂ ਸਾਰੀ ਜ਼ਿੰਦਗੀ ਤੰਗੀਆਂ-ਤੁਰਸ਼ੀਆਂ ਕੱਟ ਕੇ ਬੜੇ ਲੰਮੇ ਸੰਘਰਸ਼ ਤੋਂ ਬਾਅਦ ਬਾਬਾ ਸਾਹਿਬ ਸਾਨੂੰ ਸਹੀ ਰਸਤਾ ਦਿਖਾ ਕੇ ਗਏ ਹਨ, ਸਾਨੂੰ ਸਾਰਿਆਂ ਨੂੰ ਜਾਤਾਂ-ਪਾਤਾਂ ਤੋਂ ਉਪਰ ਉੱਠ ਕੇ ਇਕੱਠੇ ਹੋ ਕੇ ਚੱਲਣ ਦੀ ਲੋੜ ਹੈ।


ਇਸ ਸਮਾਗਮ ਵਿਚ ਮੀਡੀਏ ਵਲੋਂ ਵੀ ਵੱਧ ਚੜ੍ਹ ਕੇ ਸਿਰਕਤ ਕੀਤੀ ਗਈ, ਜਿਹਨਾਂ ਵਿਚ ਹੁਸਨ ਲੜੋਆ ਬੰਗਾ, ਕੁਲਦੀਪ ਸਿੰਘ ਧਾਲੀਵਾਲ, ਗੁਰਜਤਿੰਦਰ ਸਿੰਘ ਰੰਧਾਵਾ, ਪ੍ਰੇਮ ਕੁਮਾਰ ਚੁੰਬਰ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਦੇ ਨਾਲ ਹੀ ਇੰਡੋ-ਯੂ. ਐਸ. ਡਾਇਲਾਗ ਦਾ ਅਤੇ ਅੰਬੇਦਕਰ ਟਾਈਮਜ਼ ਦਾ ਬਾਬਾ ਸਾਹਿਬ ਜੀ ਦੇ ਜਨਮ ਦਿਨ ਤੇ ਵਿਸ਼ੇਸ਼ ਅੰਕ ਰਿਲੀਜ਼ ਕੀਤੇ ਗਏ। ਇਸ ਮੌਕੇ ਬਹੁਤ ਸਾਰੇ ਬੁੱਧੀਜੀਵੀਆਂ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਬਾਰੇ ਚਾਨਣਾ ਪਾਇਆ, ਜਿਹਨਾਂ ਵਿਚ ਸਰਵ ਸ਼੍ਰੀ ਹੰਸ ਰਾਜ ਕਾਜਲਾ, ਕੁਲਦੀਪ ਸਿੰਘ ਧਾਲੀਵਾਲ, ਪ੍ਰੇਮ ਕੁਮਾਰ ਚੁੰਬਰ, ਗਿਆਨੀ ਹਰਬਲਾਸ ਝਿੰਗੜ, ਗੁਰਬਖਸ਼ ਬਾਘਾ, ਮਨਜੀਤ ਸਿੰਘ ਉਪਲ ਸਟਾਕਟਨ ਗੁਰੂ ਘਰ ਤੋਂ, ਡਾ. ਅਮਰੀਕ ਸਿੰਘ, ਦਸ਼ਵਿੰਦਰ ਪਾਲ, ਕੇਵਲ ਬੋਲੀਨਾ, ਸੋਨੂੰ ਸਰੋਆ, ਰਮੇਸ਼ ਬੰਗੜ, ਜਸਵਿੰਦਰ ਬੰਗਾ, ਸਤੀਸ਼ ਰੱਲ੍ਹ (ਪ੍ਰਧਾਨ ਗੁਰੂ ਰਵਿਦਾਸ ਸਭਾ, ਰਿਓਲਿੰਡਾ ਸੈਕਰਾਮੈਂਟੋ), ਮਹਿੰਦਰ ਸਿੰਘ ਧਾਮੀ ਸ਼ਾਮਲ ਸਨ।

ਅੱਜ ਦੇ ਇਸ ਸਮਾਗਮ ਵਿਚ ਇਸ ਵਾਰ ਰਿਕਾਰਡਤੋੜ ਇਕੱਠ ਸੀ, ਜਿਹਨਾਂ ਵਿਚ ਕਾਫੀ ਦੂਰ ਦੁਰਾਡੇ ਤੋਂ ਵੀ ਸਾਥੀ ਸ਼ਾਮਲ ਹੋਏ, ਜਿਹਨਾਂ ਵਿਚ ਖਾਸ ਕਰਕੇ ਬੇਕਰਸਫੀਲਡ ਤੋਂ ਪ੍ਰੇਮ ਸੋਢੀ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ, ਬੇਅ ਏਰੀਆ, ਪਿਟਸਬਰਗ, ਸੈਕਰਾਮੈਂਟੋ, ਯੂਬਾ ਸਿਟੀ ਵੱਲੋਂ ਕਰਮ ਸਿੰਘ ਬੰਗੜ, ਮਲਕੀਤ ਸਿੰਘ ਬੰਗੜ, ਸੁਰਜੀਤ ਸਿੰਘ ਬੰਗੜ, ਸੁਰਜੀਤ ਸਿੰਘ, ਰਾਜ ਕੁਮਾਰ, ਮੋਹਣ ਸਿੰਘ, ਸੁਰਿੰਦਰ ਪਾਲ ਬੱਧਣ, ਸੰਤੋਖ ਨਰ, ਰਾਮ ਮੂਰਤੀ ਸਰੋਏ, ਅਮਰੀਕ ਲਾਖਾ, ਬਲਵੀਰ ਖਿੰਦ, ਕਰਨੈਲ ਟਰੇਸੀ, ਸਤੀਸ਼ ਰੱਲ੍ਹ, ਜਸਵਿੰਦਰ ਬੰਗਾ, ਕਸ਼ਮੀਰ ਹੀਰਾ, ਸਤਨਾਮ ਮੰਢਾਲੀ, ਜੋਗਿੰਦਰ ਚੁੰਬਰ, ਕਰਨੈਲ ਵਿਰਕ, ਦਰਸ਼ਨ ਵਿਰਕ, ਮਨਜੀਤ ਰੱਲ੍ਹ, ਹੰਸ ਰਾਜ ਕਾਜਲਾ, ਤਵਿੰਦਰ ਕਾਜਲਾ, ਰਕੇਸ਼ ਚੰਦਰ, ਸੁੱਖ ਰਾਮ, ਸ਼ਿੰਗਾਰਾ ਸਿੰਘ ਰੱਲ੍ਹ, ਦਲਵਿੰਦਰ ਰੱਲ੍ਹ, ਗੁਰਬਚਨ ਚੋਪੜਾ, ਦਿਆਲ ਰਾਮ ਨਰ, ਪ੍ਰੀਤਮ ਦਾਸ, ਦਸ਼ਵਿੰਦਰ ਪਾਲ, ਕਮਲ ਪਾਲ, ਮਾਸਟਰ ਕੁੰਦਨ ਲਾਲ, ਧਰਮਪਾਲ ਅਤੇ ਰਾਣਾ ਜੀ ਸ਼ਾਮਲ ਹੋਏ।

ਐਫ. ਆਈ. ਏ. ਏ. ਵੱਲੋਂ ਚੰਦਰ ਮੋਹਣ, ਸੁਰਿੰਦਰ ਸਰੋਏ, ਦੀਪ ਸਿੰਘ, ਰਾਮ ਲਾਲ ਰੱਤੂ ਵਿਸ਼ੇਸ਼ ਤੌਰ ’ਤੇ ਪਹੁੰਚੇ।

ਇਸ ਪ੍ਰੋਗਰਾਮ ਨੂੰ ਸਫਲਤਾ ਪੂਰਵਕ ਸਿਰੇ ਚੜ੍ਹਾਉਣ ਲਈ ਖਾਸ ਤੌਰ ਤੇ ਅਮਰ ਦੜੋਚ ਫਰਿਜ਼ਨੋ ਅਤੇ ਮੱਖਣ ਲੁਹਾਰ ਸੈਕਰਾਮੈਂਟੋ ਵਾਲਿਆਂ ਦਾ ਕਾਫੀ ਯੋਗਦਾਨ ਰਿਹਾ। ਬੇਗਮਪੁਰਾ ਕਲਚਰਲ ਸੁਸਾਇਟੀ ਵੱਲੋਂ ਵੀ ਪੂਰਾ-ਪੂਰਾ ਸਹਿਯੋਗ ਦਿੱਤਾ ਗਿਆ। ਰਾਜ ਗੁਰੂ ਫਰਿਜ਼ਨੋ ਹੁਰਾਂ ਨੇ ਵੀ ਕਾਫੀ ਸਹਿਯੋਗ ਦਿੱਤਾ।

ਅਖੀਰ ਵਿਚ ਉਘੇ ਗੀਤਕਾਰ ਸ੍ਰੀ ਮੱਖਣ ਲੁਹਾਰ ਵੱਲੋਂ ਆਏ ਹੋਏ ਸਾਰੇ ਸਾਥੀਆਂ ਦਾ ਬਹੁਤ-ਬਹੁਤ ਧੰਨਵਾਦ ਕੀਤਾ ਗਿਆ।




# ਭਾਰਤ ਰਤਨ ਡਾ.ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ







ਫਰਿਜ਼ਨੋ (ਦੇਸ ਰਾਜ ਬੰਗੜ) ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾ ਭਾਰਤੀ ਸੰਵਿਧਾਨ ਦੇ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ 112ਵਾਂ ਜਨਮ ਦਿਹਾੜਾ ਬੜੀ ਧੂੰਮ-ਧਾਮ ਨਾਲ ਮਨਾਇਆ। ਇਸ ਮੌਕੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਇਸ ਤੋਂ ਬਾਅਦ ਦੀਵਾਨ ਸਜਾਇਆ ਗਿਆ। ਗੁਰੂ ਘਰ ਦੇ ਗ੍ਰੰਥੀ ਗਿਆਨੀ ਰਾਮ ਸਿੰਘ ਜੀ ਨੇ 'ਜਨਣੀ ਜਣੇ ਤਾਂ ਭਗਤ ਜਨ ਜਾਂ ਦਾਤਾ ਜਾਂ ਸੂਰ' ਜਿਹੇ ਸ਼ਬਦਾਂ ਨਾਲ ਬਾਬਾ ਸਾਹਿਬ ਨੂੰ ਇਕ ਕ੍ਰਾਂਤੀਕਾਰੀ ਯੁੱਗ ਪੁਰਸ਼ ਕਿਹਾ। ਬੱਚੀ ਕਿਰਨ ਮਹਿਮੀ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਸੰਗਤਾਂ ਨੂੰ ਦਿੱਤੀਆਂ ਅਤੇ ਸ਼ਬਦ ਗਾ ਕੇ ਹਾਜ਼ਰੀ ਭਰੀ। ਇਸ ਮੌਕੇ 'ਤੇ ਉਘੇ ਸਾਹਿਤਕਾਰ ਪੀਟਾ ਚੰਦੇਲੀ ਨੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਸਮੁੱਚੇ ਭਾਰਤ ਲਈ ਕੀਤੇ ਗਏ ਸੰਘਰਸ਼ ਬਾਰੇ ਬੋਲਦਿਆਂ ਕਿਹਾ ਕਿ ਬਾਬਾ ਸਾਹਿਬ ਦੀ ਬਦੌਲਤ ਹੀ ਅਸੀਂ ਇਕ ਨਰਕ ਭਰੀ ਜ਼ਿੰਦਗੀ 'ਚੋਂ ਬਾਹਰ ਨਿਕਲ ਕੇ ਇਸ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।

ਪਰ ਭਾਰਤ ਵਿਚ ਅੱਜ ਵੀ ਦਿਨ ਪ੍ਰਤੀ ਦਿਨ ਤਸ਼ੱਦਦ ਹੋ ਰਹੇ ਹਨ। ਪੰਜਾਬ ਵਿਚ ਵੀ ਦਲਿਤ ਲੜਕੀਆਂ ਦੀਆਂ ਇੱਜ਼ਤਾਂ ਲੁੱਟੀਆਂ ਜਾ ਰਹੀਆਂ ਹਨ ਅਤੇ ਸਰਕਾਰਾਂ ਉਨ੍ਹਾਂ ਦਰਿੰਦਿਆਂ ਵਿਰੁੱਧ ਕੋਈ ਆਵਾਜ਼ ਨਹੀਂ ਉਠਾ ਰਹੀਆਂ। ਗੌਰਮਿੰਟ ਪ੍ਰਾਇਮਰੀ ਸਕੂਲ ਬੰਦ ਕੀਤੇ ਜਾ ਰਹੇ ਹਨ ਤਾਂ ਜੋ ਦਲਿਤ ਬੱਚਿਆਂ ਨੂੰ ਗਿਆਨ ਵਿਹੂਣੇ ਰੱਖਿਆ ਜਾ ਰਿਹਾ ਹੈ ਅਤੇ ਉਹ ਆਪਣੇ ਹੱਕਾਂ ਦੇ ਲਈ ਲੜ ਰਹੇ ਹਨ। ਸਮਾਜਿਕ ਅਤੇ ਧਾਰਮਿਕ ਤੌਰ 'ਤੇ ਇਕੱਠੇ ਹੋ ਕੇ ਅਸੀਂ ਡਾ. ਅੰਬੇਦਕਰ ਜੀ ਦੇ ਮਿਸ਼ਨ ਨੂੰ ਪੂਰਾ ਕਰ ਸਕਦੇ ਹਾਂ। ਗਿਆਨੀ ਹਰਬਲਾਸ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਚੌਦਵੀਂ ਸਦੀ ਵਿਚ ਗੁਰੂ ਸਾਹਿਬਾਨਾਂ ਨੇ ਛੂਤ ਛਾਤ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ, ਉਸੇ ਕੁਰੀਤੀ ਨੂੰ ਬਾਬਾ ਸਾਹਿਬ ਨੇ ਜੜ੍ਹੋਂ ਪੁੱਟਣ ਲਈ ਸੰਘਰਸ਼ ਆਰੰਭਿਆ। ਹਿੰਦੁਸਤਾਨ ਸਮਾਜਿਕ ਨਾਬਰਾਬਰੀ ਦਾ ਘਰ ਹੈ। ਹਿੰਦੁਸਤਾਨ ਵਿਚ ਅੱਜ ਵੀ ਵਰਣ ਵਿਵਸਥਾ ਚੱਲ ਰਹੀ ਹੈ। ਵਰਣ ਵਿਵਸਥਾ ਦਾ ਮੂਲ ਬ੍ਰਾਹਮਣਵਾਦ ਹੈ। ਬ੍ਰਾਹਮਣਵਾਦ ਇਕ ਵਿਚਾਰਧਾਰਾ ਹੈ ਅਤੇ ਇਕ ਵਿਚਾਰ ਧਾਰਾ ਨੂੰ ਵਿਚਾਰਧਾਰਾ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ। ਇਸ ਮੌਕੇ ਮਨਦੀਪ ਕੌਰ ਝਿੰਗੜਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਡਾ. ਅੰਬੇਦਕਰ ਜੀ ਨਾਰੀ ਜਾਤੀ ਦੇ ਮੁਕਤੀ ਦਾਤਾ ਹੋਏ ਹਨ, ਜਿਸ ਸਮਾਜ ਵਿਚ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ, ਡਾ. ਅੰਬੇਦਕਰ ਨੇ ਉਸੇ ਔਰਤ ਨੂੰ ਸਿਰ ਦਾ ਤਾਜ ਬਣਾ ਦਿੱਤਾ। ਅਮਰ ਦੜੌਚ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾ. ਅੰਬੇਦਕਰ ਜੀ ਨੂੰ ਯੁੱਗ ਪਲਟਾਊ ਇਨਸਾਨ ਗਰਦਾਨਿਆ।

ਜੋ ਲੋਕ ਸਮਾਜ, ਦੇਸ਼, ਕੌਮ ਲਈ ਜੀਵਨ ਵਾਰ ਦਿੰਦੇ ਹਨ, ਉਹਨਾਂ ਦੀ ਹਮੇਸ਼ਾ ਜੈ ਜੈ ਕਾਰ ਹੁੰਦੀ ਹੈ। ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਵੱਲੋਂ ਆਰੰਭੇ ਸੰਘਰਸ਼ ਨੂੰ ਅੱਗੇ ਤੋਰਨਾ ਹੈ। ਇਸ ਮੌਕੇ ਹਰਬੰਸ ਬੱਧਣ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਗਰੀਬ ਬੱਚਿਆਂ ਦੀ ਪੜ੍ਹਾਈ 'ਚ ਸਹਾਇਤਾ ਕਰਨੀ ਚਾਹੀਦੀ ਹੈ। ਪੜ੍ਹਿਆ-ਲਿਖਿਆ ਸਮਾਜ ਹਮੇਸ਼ਾ ਤਰੱਕੀ ਕਰਦਾ ਹੈ। ਸੁਰਜੀਤ ਬੰਗੜ ਨੇ ਆਪਣੇ ਵਿਚਾਰਾਂ ਵਿਚ ਬਾਬੂ ਕਾਂਸ਼ੀ ਰਾਮ ਜੀ ਦੀ ਸ਼ਲਾਘਾ ਕੀਤੀ, ਜਿਹਨਾਂ ਨੇ ਦਲਿਤ ਸਮਾਜ 'ਚ ਮੁੜ ਜਾਗਰਤੀ ਪੈਦਾ ਕੀਤੀ। ਵੱਖ-ਵੱਖ ਬੁਲਾਰਿਆਂ ਨੂੰ ਪੇਸ਼ ਕਰਦਿਆਂ ਦੇਸ ਰਾਜ ਬੰਗੜ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੁਰਿੰਦਰ ਬੱਧਣ (ਸਰਪੰਚ), ਹਰਬੰਸ ਬੱਧਣ, ਸਤਨਾਮ ਬੰਗੜ, ਸੁਰਜੀਤ ਬੰਗੜ, ਮਾਸਟਰ ਗੁਰਬਚਨ ਸਿੰਘ, ਦਰਸ਼ਨ ਸਿੰਘ, ਸਲਿੰਦਰ ਨਰ, ਨਿਰਮਲ ਨਰ, ਕੁਲਦੀਪ ਬੰਗੜ, ਮਲਕੀਤ ਸਿੰਘ, ਕਰਮ ਸਿੰਘ ਬੰਗੜ, ਪਰਮੋਦ ਲੋਈ, ਬੰਸੀ ਲਾਲ ਬੰਗੜ, ਪ੍ਰੇਮ ਕੁਮਾਰ ਬੱਧਣ, ਲਛਮਣ ਬਾਗਲਾ, ਮਹਿੰਦਰ ਸਿੰਘ ਕਾਹਲੋਂ, ਹਰਬਲਾਸ ਸਿੰਘ, ਪੀਟਾ ਚੰਦੇਲੀ, ਅਮਰ ਦੜੌਚ, ਰਾਜ ਕੁਮਾਰ ਜੱਸੀ, ਰਤਨ ਪਾਲ ਜੱਸੀ, ਖਿਆਲੀ ਹੀਰ, ਭਿੰਦਾ ਹੀਰ ਅਤੇ ਬਲਵੰਤ ਗੱਗੜ ਨੇ ਹਾਜ਼ਰੀ ਭਰੀ।

## ਇਤਿਹਾਸਕ ਅਸਥਾਨ ਚਰਨ ਗੰਗਾ ਸ਼੍ਰੀ ਖੁਰਾਲਗੜ੍ਹ ਨੂੰ ਜਾਣ ਵਾਲੀ ਸੜਕ ਪ੍ਰਧਾਨ ਮੰਤਰੀ ਗ੍ਰਾਮੀਣ ਯੋਜਨਾ ਤਹਿਤ ਬਣਾਉਣ ਲਈ ਡੀ.ਸੀ. ਨੂੰ ਦਿੱਤਾ ਮੰਗ ਪੱਤਰ

ਫਗਵਾੜਾ- ਅੰਬੇਡਕਰ ਸੈਨਾ ਪੰਜਾਬ ਵਲੋਂ ਸੂਬਾ ਪ੍ਰਧਾਨ ਸੁਰਿੰਦਰ ਢੰਡਾ ਦੀ ਅਗਵਾਈ ਹੇਠ ਇੱਕ ਮੰਗ ਪੱਤਰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਰੁਣ ਰੂਜਮ ਰਾਹੀਂ ਮੁੱਖ



ਮੰਤਰੀ ਪੰਜਾਬ ਸਰਕਾਰ ਨੂੰ ਭੇਜ ਕੇ ਮੰਗ ਕੀਤੀ ਕਿ ਸ਼੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਅਤੇ ਦਲਿਤ ਸਮਾਜ ਦਾ ਇਤਿਹਾਸਕ ਤੇ ਕੌਮੀ ਪਵਿੱਤਰ ਅਸਥਾਨ ਸ਼੍ਰੀ ਗੁਰੂ ਰਵਿਦਾਸ ਮੰਦਿਰ ਚਰਨ ਗੰਗਾ ਸ਼੍ਰੀ ਖੁਰਾਲਗੜ੍ਹ (ਖੁਰਾਲੀ) ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਜਾਣ ਵਾਲੀ ਮੇਨ ਸੜਕ ਨੂੰ ਪ੍ਰਧਾਨ ਮੰਤਰੀ ਗ੍ਰਾਮੀਣ ਯੋਜਨਾ ਤਹਿਤ ਲਿਆ ਕੇ ਚੌੜਾ ਕਰਕੇ ਬਣਾਇਆ ਜਾਵੇ, ਕਿਉਂਕਿ ਇਸ ਪਵਿੱਤਰ ਅਸਥਾਨ ਨੂੰ ਜਾਣ ਵਾਲੀ ਮੇਨ ਸੜਕ ਬਹੁਤੀ ਵਧੀਆ ਨਹੀਂ ਹੈ ਅਤੇ ਨਾ ਹੀ ਚੌੜੀ ਹੈ ਆਗੂਆਂ ਨੇ ਕਿਹਾ ਕਿ ਇਸ ਪਵਿੱਤਰ ਅਸਥਾਨ ਤੇ ਨਤਮਸਤਕ ਹੋਣ ਲਈ ਸ਼੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਲੱਖਾਂ ਦੀ ਤਦਾਦ ਵਿੱਚ ਸਾਰਾ ਸਾਲ ਜਾਂਦੀਆਂ ਹਨ ਜਿਨ੍ਹਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੜਕ ਚੌੜੀ ਨਾ ਹੋਣ ਕਰਕੇ ਆਏ ਦਿਨ ਹਾਦਸੇ ਵਾਪਰਦੇ ਰਹਿੰਦੇ ਹਨ। ਅਸੀਂ ਅੰਬੇਡਕਰ ਸੈਨਾ ਪੰਜਾਬ ਅਤੇ ਸੰਗਤਾਂ ਵਲੋਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜ ਕੇ ਮੰਗ ਕਰਦੇ ਹਾਂ ਕਿ ਇਸ ਪਵਿੱਤਰ ਅਸਥਾਨ ਨੂੰ ਜਾਣ ਵਾਲੀ ਮੇਨ ਸੜਕ ਨੂੰ ਪ੍ਰਧਾਨ ਮੰਤਰੀ ਗ੍ਰਾਮੀਣ ਯੋਜਨਾ ਤਹਿਤ ਪਹਿਲ ਦੇ ਅਧਾਰ ਤੇ ਚੌੜਾ ਕਰਕੇ ਬਣਾਇਆ ਜਾਵੇ। ਅਸੀਂ ਆਸ ਕਰਦੇ ਹਾਂ ਕਿ ਸਮੁੱਚੀ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਸ ਸੜਕ ਨੂੰ ਪਹਿਲ ਦੇ ਅਧਾਰ ਤੇ ਬਣਾਓਗੇ। ਮੰਗ ਪੱਤਰ ਦੇਣ ਉਪਰੰਤ ਢੰਡਾ ਨੇ ਦੱਸਿਆ ਕਿ ਡੀ.ਸੀ. ਸਾਹਿਬ ਨੇ ਸਾਡੀ ਉਕਤ ਮੰਗ ਨੂੰ ਬਹੁਤ ਹੀ ਧਿਆਨ ਨਾਲ ਸੁਣਿਆ ਅਤੇ ਭਰੋਸਾ ਦਿੱਤਾ ਕਿ ਏ.ਡੀ.ਸੀ. ਤੁਰੰਤ ਹੀ ਇਹ ਸੜਕ ਦਾ ਮੌਕਾ ਦੇਖਣਗੇ ਅਤੇ ਉਪਰੰਤ ਸੜਕ ਬਣਾਉਣ ਲਈ ਲੋੜੀਂਦੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

ਇਸ ਮੌਕੇ ਤਰਸੇਮ ਚੁੰਬਰ, ਬਲਵਿੰਦਰ ਕੁਮਾਰ, ਲਾਲ ਚੰਦ ਬਿੱਲਾ, ਪੀ.ਕੇ.ਬੰਗਾ, ਰਾਕੇਸ਼ ਕੁਮਾਰ, ਹਰਵਿੰਦਰ ਸਿੰਘ, ਉਂਕਾਰ ਕੁਮਾਰ, ਬਲਜੀਤ ਸਿੰਘ ਤੋਂ ਇਲਾਵਾ ਸੈਨਾ ਦੇ ਹੋਰ ਵਰਕਰ ਤੇ ਆਗੂ ਵੀ ਹਾਜ਼ਰ ਸਨ।

-------------

## ਨੀਨਾ ਕੁਮਾਰੀ ਹੁਣ ਇਸ ਦੁਨੀਆਂ ਵਿੱਚ ਨਹੀ ਰਹੀ



ਪ੍ਰਮਾਤਮਾ ਦੇ ਹੁਕਮ ਅਨੁਸਾਰ ਜੋ ਪ੍ਰਾਣੀ ਇਸ ਦੁਨੀਆਂ ਤੇ ਆਉਂਦਾ, ਅਖੀਰ ਆਪਣੀ ਸਵਾਸਾਂ ਦੀ ਪੂੰਜੀ ਨੂੰ ਪੂਰੀ ਕਰਕੇ ਸੰਸਾਰ ਵਿੱਚ ਆਪਣੀਆਂ ਯਾਦਾਂ ਨੂੰ ਛੱਡ ਕੇ ਤੁਰ ਜਾਂਦਾ ਹੈ। ਪ੍ਰਮਾਤਮਾ ਦੇ ਹੁਕਮ ਅਨੁਸਾਰ ਨੀਨਾ ਕੁਮਾਰੀ ਜੋ ਕਿ ਕੁੱਝ ਸਮਾਂ ਬਿਮਾਰੀ ਨਾਲ ਜੂਝਣ ਤੋਂ ਬਾਅਦ ਨਿਊਯਾਰਕ ਦੇ ਲੌਂਗ ਆਈਲੈਂਡ ਹਸਪਤਾਲ ਵਿੱਚ ਆਖਰੀ ਸਵਾਸ ਲੈ ਕੇ ਇਸ ਸੰਸਾਰ ਤੋਂ ਪੂੰਜ ਕਰ ਗਈ। ਨੀਨਾ ਕੁਮਾਰੀ ਜਿਹਨਾਂ ਦਾ ਪਤੀ ਗੁਰਬਖਸ਼ ਰਾਮ ਪਹਿਲਾਂ ਹੀ ਪਰਿਵਾਰ ਨੂੰ ਵਿਛੋੜਾ ਦੇ ਕੇ ਇਸ ਸੰਸਾਰ ਤੋਂ ਜਾ ਚੁੱਕੇ ਹਨ।

ਆਪਣੇ ਦੋ ਪੁੱਤਰਾਂ ਲਖਵਿੰਦਰ ਵਿਰਦੀ, ਸੰਦੀਪ ਵਿਰਦੀ ਅਤੇ ਭਰਾ ਬਲਰਾਜ ਕੁਮਾਰ ਨਾਲ ਨਿਊਯਾਰਕ ਵਿੱਚ ਰਹਿੰਦੇ ਸਨ। ਸਮੁੱਚੇ ਭਾਈਚਾਰੇ ਵਿੱਚ ਬਹੁਤ ਹੀ ਸਤਿਕਾਰਯੋਗ ਪਰਿਵਾਰ ਸੀ ਜੋ ਕਿ ਸਾਰਿਆਂ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋ ਕੇ ਮਿਲਕੇ ਰਹਿੰਦੇ ਸਨ। ਨੀਨਾ ਕੁਮਾਰੀ ਜਿਹਨਾਂ ਦਾ ਪੰਜਾਬ ਵਿੱਚ ਪੇਕਾ ਪਿੰਡ ਜੈਨਪੁਰ ਹੈ ਅਤੇ ਸਹੁਰਾ ਪਿੰਡ ਸੈਲਾ ਜੋ ਕਿ ਹੁਸ਼ਿਆਰਪੁਰ ਜਿਲ੍ਹੇ ਵਿੱਚ ਪੈਂਦਾ ਹੈ। ਨੀਨਾ ਕੁਮਾਰੀ ਦਾ ਅੰਤਮ ਸੰਸਕਾਰ 3 ਮਈ ਨੂੰ ਕਰਨ ਉਪਰੰਤ ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਬਰੌਡਵੇਅ ਵਿਖੇ ਅੰਤਮ ਅਰਦਾਸ ਕੀਤੀ ਗਈ।

ਗੁਰੂ ਰਵਿਦਾਸ ਗੁਰੂ ਘਰ ਦੇ ਮੁੱਖ ਸੇਵਾਦਾਰ ਸ.ਨਿਰਮਲ ਸਿੰਘ ਨੇ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ ਵਲੋਂ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਸਮੁੱਚਾ ਭਾਈਚਾਰੇ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਹੈ। ਅਵਤਾਰ ਭਾਟੀਆ ਦੇ ਪੁੱਤਰ ਦੇ ਪਿਛਲੇ ਸਮੇਂ ਵਿਚ ਅਕਾਲ ਚਲਾਣੇ ਦਾ ਦੁੱਖ ਹਜੇ ਭੁੱਲਾ ਨਹੀਂ ਸੀ ਕਿ ਸਮੁੱਚੇ ਭਾਈਚਾਰੇ ਵਿੱਚ ਹੋਰ ਦੁੱਖ ਦੀ ਘੜੀ ਆ ਗਈ ਹੈ।

ਦੋਨਾਂ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦੇ ਹੋਏ ਗੁਰੂ ਚਰਨਾਂ ਵਿੱਚ ਅਰਦਾਸ ਹੈ ਕਿ ਪ੍ਰਮਾਤਮਾ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਇਸ ਭਾਣੇ ਨੂੰ ਮੰਨਣ ਦਾ ਬਲ ਤੇ ਉਦਮ ਬਖਸ਼ਣ। ਨੀਨਾ ਕੁਮਾਰੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 718-898-2078 ਤੇ ਫੋਨ ਕੀਤਾ ਜਾ ਸਕਦਾ ਹੈ।

## ਮਾਣ ਦੁਆਬੇ ਦਾ ਪੇਂਡੂ ਖੇਤਰ ਦਾ ਪਲੇਠਾ ਮਾਣ: ਪਾਇਲਟ ਵਿਸ਼ਾਲ ਕੌਸ਼ਲ (ਜੱਸੋਮਾਜਰਾ)

ਆਕਾਸ਼ ਵਿਚ ਪੰਛੀਆਂ ਵਾਂਗ ਉਡਣ ਦਾ ਸੁਪਨਾ ਰਾਈਟ ਭਰਾਵਾਂ ਨੇ ਜਹਾਜ਼ ਬਣਾ ਕੇ, ਉਡਾ ਕੇ ਸਾਕਾਰ ਕਰ ਦਿੱਤਾ ਸੀ। ਵਿਗਿਆਨਕਾਂ ਨੇ ਨਵੀਆਂ ਤਕਨੀਕਾਂ ਰਾਹੀਂ ਬੜੀ ਮਿਹਨਤ ਨਾਲ, ਇਸ ਈਜਾਦ ਨੂੰ ਹੋਰ ਤਰਾਸ਼-ਘੜ ਕੇ ਇਸ ਨੂੰ ਨਵੀਨਤਾ ਦਾ ਅਜੋਕਾ ਜਾਮਾ ਪਹਿਨਾ ਕੇ ਇਸ ਦੀ ਹਵਾਈ ਖੇਤਰ ਵਿਚ ਉਡਾਣ ਹੋਰ ਉਚੀ ਕਰ ਦਿੱਤੀ ਹੈ। ਦੇਸ਼ ਵਿਦੇਸ਼ ਵਿਚ ਦੂਰ-ਦੁਰਾਡੇ ਜਾਣ ਲਈ ਇਸ ਦੀ ਪਹੁੰਚ ਸਭ ਲਈ ਸਰਲ ਕਰ ਦਿੱਤੀ ਹੈ। ਅੰਬਰਾਂ 'ਚ ਉਡਦੇ ਸਭ ਦਾ ਧਿਆਨ ਖਿੱਚਣ ਵਾਲੇ ਹਵਾਈ ਜਹਾਜ਼ਾਂ ਅਤੇ ਹੈਲੀਕਾਪਟਰਾਂ ਨੂੰ ਉਡਾਣ ਲਈ ਨਿਪੁੰਨ ਤੇ ਕੁਸ਼ਲ ਪਾਇਲਟ ਵੀ ਬੜੀ ਸਖਤ ਸਿੱਖਿਆ ਅਤੇ ਸਿਖਲਾਈ ਪ੍ਰਾਪਤ ਕਰਕੇ ਇਸ ਖਾਸ ਮੁਕਾਮ 'ਤੇ ਪਹੁੰਚਦੇ ਹਨ।




ਦੁਆਬੇ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜੱਸੋਮਜਾਰਾ ਦੇ ਜੰਮਪਲ ਵਿਸ਼ਾਲ ਕੌਸ਼ਲ ਨੂੰ ਬਚਪਨ ਤੋਂ ਸ਼ੌਂਕ ਰਿਹਾ ਹੈ ਅੰਬਰਾਂ 'ਚ ਉਡਦੇ ਜਹਾਜ਼ਾਂ ਨੂੰ ਉਤਸੁਕਤਾ ਨਾਲ ਤੱਕਣ ਦਾ, ਜਹਾਜ਼ ਤੇ ਹੈਲੀਕਾਪਟਰ ਖਿਡਾਉਣੇ ਖਰੀਦਣ ਦਾ। ਸਕੂਲ ਦੀ ਪੜ੍ਹਾਈ ਦੌਰਾਨ ਉਸਦਾ ਇਹ ਸ਼ੌਂਕ ਇਕ ਜਨੂੰਨ ਬਣ ਗਿਆ। ਇਸ ਸ਼ੌਂਕ ਨੂੰ ਕਿੱਤੇ ਵਜੋਂ ਅਪਣਾਉਣ ਲਈ ਵਿਸ਼ਾਲ ਨੇ ਕਿਸੇ ਨਿੱਜੀ ਸਕੂਲ ਦੀ ਬਜਾਏ ਪਿੰਡ ਦੇ ਸਰਕਾਰੀ ਸਕੂਲ ਤੋਂ ਹੀ ਸਿੱਖਿਆ ਪ੍ਰਾਪਤ ਕੀਤੀ। ਉਹ ਇਸ ਪੇਂਡੂ ਖੇਤਰ 'ਚੋਂ ਪਾਇਲਟ ਬਣ ਕੇ ਪਿੰਡ ਤੇ ਇਲਾਕੇ ਦਾ ਪਲੇਠਾ ਮਾਣ ਬਣਿਆ ਹੈ। ਪਾਇਲਟ ਬਣਨ ਦੇ ਸੁਪਨੇ ਨੂੰ ਪੂਰਾ ਕਰਨ ਦੀ ਧਾਰਨਾ ਹੋਰ ਪੱਕੀ ਉਦੋਂ ਹੋਈ ਜਦੋਂ ਉਹ ਸੱਤਵੀਂ ਜਮਾਤ ਦਾ ਵਿਦਿਆਰਥੀ ਸੀ। ਪਿੰਡ ਦੇ ਇਕ ਧਾਰਮਿਕ ਸਥਾਨ ਤੇ ਇਕ ਧਾਰਮਿਕ ਸ਼ਖਸੀਅਤ ਹੈਲੀਕਾਪਟਰ ਰਾਹੀਂ ਪਿੰਡ ਪੁੱਜੀ ਤੇ ਹੈਲੀਕਾਪਟਰ ਨੂੰ ਨੇੜੇ ਤੋਂ ਦੇਖ ਕੇ ਉਸਨੇ ਆਪਣੇ ਸਾਥੀਆਂ ਨੂੰ ਕਿਹਾ ਸੀ ਕਿ ਉਹ ਇਕ ਦਿਨ ਪਾਇਲਟ ਜ਼ਰੂਰ ਬਣੇਗਾ। ਵਿਸ਼ਾਲ ਦੇ ਪਿਤਾ ਸ੍ਰੀ ਰਮੇਸ਼ ਕੌਸ਼ਲ ਅਤੇ ਮਾਤਾ ਸ੍ਰੀਮਤੀ ਰਾਜ ਕੁਮਾਰੀ ਆਪਣੇ ਇਕਲੌਤੇ ਪੁੱਤਰ ਦੀ ਪਰਵਰਿਸ਼, ਪੜ੍ਹਾਈ ਅਤੇ ਹੌਸਲਾ ਅਫਜ਼ਾਈ ਵਿਚ ਕੋਈ ਕਸਰ ਨਹੀਂ ਛੱਡੀ। ਉਹਨਾਂ ਦੇ ਮੋਹ ਪਿਆਰ ਦੀ ਛਤਰ ਛਾਇਆ ਹੇਠ ਵਿਸ਼ਾਲ ਉਹਨਾਂ ਦੇ ਆਦਰਸ਼ਾਂ ਤੇ ਖਰਾ ਉਤਰਿਆ ਤੇ ਮਾਪਿਆਂ ਦਾ ਨਾਂ ਉਚਾ ਕੀਤਾ।

ਵਿਸ਼ਾਲ ਨੇ ਭਾਰਤ ਤੋਂ ਇਲਾਵਾ ਕਨੇਡਾ ਵਿਚ ਚਨਿਊਕ ਹੈਲੀਕਾਪਟਰ ਲਿਮਟਿਡ ਅਤੇ ਅਬੌਟਸਫੋਰਡ ਫਲਾਈਟ ਸੈਂਟਰ ਤੋਂ ਪਾਇਲਟ ਦੀ ਸਿਖਲਾਈ ਪ੍ਰਾਪਤ ਕੀਤੀ। ਕਨੇਡਾ 'ਚ ਸਿਖਲਾਈ ਦੌਰਾਨ ਉਸ ਦਾ ਪਿੰਡ ਦੇ ਲੋਕਾਂ ਵੱਲੋਂ ਬਹੁਤ ਸਹਿਯੋਗ ਕੀਤਾ ਗਿਆ। ਉਸਨੂੰ ਕਨੇਡਾ ਵਿਚ ਵੀ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਪਰ ਉਸ ਨੇ ਭਾਰਤ ਵਿਚ ਹੀ ਸੇਵਾਵਾਂ ਨਿਭਾਉਣ ਨੂੰ ਪਹਿਲ ਦਿੱਤੀ।

ਉਪਰੰਤ ਵਿਸ਼ਾਲ ਪਵਨ ਹੰਸ ਹਵਾਈ ਕੰਪਨੀ ਦਾ ਸਭ ਤੋਂ ਛੋਟੀ ਉਮਰ ਦਾ ਪਾਇਲਟ ਬਣਿਆ ਅਤੇ ਨਿਯੁਕਤੀ ਸਮੇਂ ਆਪਣੇ ਅਠਾਰਾਂ ਸਾਥੀ ਵਿਦਿਆਰਥੀਆਂ ਵਿਚੋਂ ਸਿੱਧਾ ਕੈਪਟਨ ਚੁਣਿਆ ਗਿਆ। ਪਵਨ ਹੰਸ ਕੰਪਨੀ ਵਿਚ ਕੰਮ ਕਰਦਿਆਂ ਉਹ ਦਿੱਲੀ ਤੋਂ ਦੇਸ਼ ਦੇ ਵੱਖ-ਵੱਖ ਨਗਰਾਂ ਮਹਾਂਨਗਰਾਂ ਤੇ ਹਵਾਈ ਰੂਟਾਂ ਤੇ ਆਪਣੀਆਂ ਸੇਵਾਵਾਂ ਦੇ ਚੁੱਕਾ ਹੈ। ਆਪਣੀਆਂ ਹਵਾਈ ਉਡਾਣਾਂ ਸਮੇਂ ਦੇ ਰੋਮਾਂਟਿਕ ਪਲਾਂ ਦਾ ਜ਼ਿਕਰ ਕਰਦਿਆਂ ਦੱਸਦਾ ਹੈ ਕਿ ਉਹ ਜਦੋਂ ਆਪਣੇ ਪਿੰਡ ਜੱਸੋਮਜਾਰਾ ਉਪਰੋਂ ਲੰਘ ਰਿਹਾ ਹੁੰਦਾ ਹੈ ਤਾਂ ਬਹੁਤ ਹੀ ਵੱਖਰੀ ਤਰ੍ਹਾਂ ਦੀ ਰੂਹ ਨੂੰ ਨਸ਼ਿਆਉਂਦੀ ਖੁਸ਼ੀ ਮਹਿਸੂਸ ਕਰਦਾ ਹੈ। ਆਪਣੇ ਕਿੱਤੇ ਪ੍ਰਤੀ ਸੰਜੀਦਾ ਵਿਸ਼ਾਲ ਆਮ ਜੀਵਨ ਵਿਚ ਵੀ ਸਧਾਰਨਤਾ, ਸੰਜੀਦਗੀ ਨਾਲ ਵਿੱਚਰਦਾ ਹੈ। ਪੇਂਡੂ ਖੇਤਰ ਦੇ ਨੌਜਵਾਨਾਂ ਲਈ ਇਕ ਉਦਾਹਰਣ ਤੇ ਮਾਰਗ ਦਰਸ਼ਕ ਬਣਕੇ ਵਿਸ਼ਾਲ ਨੇ ਦੁਆਬੇ ਦਾ ਮਾਣ ਵਧਾਇਆ ਹੈ। ਉਸਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਇਸ ਤਰ੍ਹਾਂ ਦੀ ਉਚ ਸਿੱਖਿਆ ਲਈ ਹੋਣਹਾਰ ਅਤੇ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥੀਆਂ ਲਈ ਸਬਸਿਡੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਪਾਇਲਟ ਬਣਨ 'ਚ ਕੋਈ ਔਕੜਾ ਨਾ ਆਵੇ। ਕਾਮਨਾ ਹੈ ਕਿ ਦੁਆਬੇ ਦਾ ਮਾਣ ਵਿਸ਼ਾਲ, ਵਿਸ਼ਾਲ ਆਕਾਸ਼ ਵਿਚ ਉਚੀਆਂ ਉਡਾਰੀਆਂ ਲਗਾਉਂਦਾ ਹੋਇਆ ਤਰੱਕੀ ਦੀਆਂ ਹੋਰ ਮੰਜ਼ਿਲਾਂ ਸਰ ਕਰੇ।

**- ਰੇਸ਼ਮ ਕਰਨਾਣਵੀ**

# ਜਲਿਆਂ ਵਾਲੇ ਬਾਗ ਦਾ ਅਸਲੀ (ਛੁਪਿਆ) ਸੱਚ

-ਸੋਨੂੰ ਅੰਬੇਦਕਰ
ਸੈਕਰਾਮੈਂਟੋ, ਕੈਲੀਫੋਰਨੀਆ (916)-320-1647

ਇਹ ਇਕ ਇਤਿਹਾਸਕ ਸਚਾਈ ਹੈ ਕਿ ਇਤਿਹਾਸ ਹਮੇਸ਼ਾ ਜਿੱਤੀਆਂ ਹੋਈਆਂ ਕੌਮਾਂ ਦਾ ਹੀ ਲਿਖਿਆ ਜਾਂਦਾ ਹੈ। ਹਾਰੀਆਂ ਹੋਈਆਂ ਕੌਮਾਂ ਹਾਰੇ ਹੋਏ ਲੋਕ ਜਿੱਤੇ ਹੋਏ ਲੋਕਾਂ ਦੁਆਰਾ ਹਾਸ਼ੀਏ ਤੋਂ ਪਰ੍ਹਾ ਧੱਕ ਦਿੱਤੇ ਜਾਂਦੇ ਹਨ, ਚਾਹੇ ਉਹ ਕਿੰਨੇ ਵੀ ਬਹਾਦਰ ਜਾਂ ਸੂਰਬੀਰ ਕਿਉਂ ਨਾ ਹੋਣ, ਹਾਰੀਆਂ ਹੋਈਆਂ ਕੌਮਾਂ ਦੁਨੀਆਂ ਦੇ ਨਕਸ਼ੇ ਤੋਂ ਮਿਟਾ ਦਿੱਤੀਆਂ ਜਾਂਦੀਆਂ ਹਨ, ਕਿਉਂਕਿ ਤਕੜੇ ਦਾ ਸੱਤੀ ਵੀਹੀ ਸੌ ਸੱਚ ਹੁੰਦਾ ਹੈ। ਜਿਸਦੀ ਲਾਠੀ ਉਸਦੀ ਭੈਂਸ।

ਜੇਕਰ ਭਾਰਤੀ ਮੂਲ ਨਿਵਾਸੀ ਮਹਾਤਮਾ ਰਾਵਣ ਅਤੇ ਮਹਾਂਰਿਸੀ ਸ਼ੰਭੁਕ ਦੇ ਕਾਤਲ ਦਸ਼ਰਥ ਪੁੱਤਰ ਰਾਮ ਪਾਸੋਂ ਦਲਿਤ ਕੌਮ ਦੇ ਗਦਾਰ ਹਨੂੰਮਾਨ ਦੀ ਗਦਾਰੀ ਕਾਰਨ ਨਾ ਹਾਰਿਆ ਹੁੰਦਾ ਤਾਂ ਭਾਰਤ ਵਿਚ ਦੀਵਾਲੀ, ਦੁਸ਼ਹਿਰੇ ਦਸ਼ਰਥ ਪੁੱਤਰ ਰਾਮ ਦੇ ਨਾਂ ਉਪਰ ਨਹੀਂ ਮਹਾਤਮਾ ਰਾਵਣ ਦੇ ਨਾਂ ਉਪਰ ਲੱਗਿਆ ਕਰਨੇ ਸਨ। ਭਾਰਤ ਦੀ ਧਰਤੀ ਦਾ ਚਮਕਦਾ ਸਿਤਾਰਾ ਰਾਮ ਨਹੀਂ ਮਹਾਤਮਾ ਰਾਵਣ ਹੋਣਾ ਸੀ।

ਇਹ ਹੀ ਕੁਝ ਵਾਪਰਿਆ ਦਲਿਤ ਸਮਾਜ ਦੇ ਨਾਲ ਜਲ੍ਹਿਆਂ ਵਾਲੇ ਬਾਗ ਵਿਚ ਕਿਉਂਕਿ ਇਤਿਹਾਸ ਹਮੇਸ਼ਾ ਜਿੱਤੇ ਹੋਏ ਲੋਕਾਂ ਦੁਆਰਾ ਲਿਖਿਆ ਜਾਂਦਾ ਹੈ। ਇਹ ਵੀ ਅਟੱਲ ਸਚਾਈ ਹੈ ਕਿ ਇਕ ਝੂਠ ਨੂੰ ਸੌ ਵਾਰ ਬੋਲਣ ਨਾਲ ਭਾਵ ਦੁਹਰਾਉਣ ਨਾਲ ਝੂਠ ਵੀ ਸੱਚ ਹੋ ਨਿੱਬੜਦਾ ਹੈ।

ਨਵੰਬਰ 1919 ਨੂੰ ਦੂਸਰੀ ਸੰਸਾਰ ਜੰਗ ਖਤਮ ਹੋਈ, 6 ਹਜ਼ਾਰ ਜਾਤਾਂ ਵਿਚ ਵੰਡੇ ਭਾਰਤੀ ਸਮਾਜ ਵਿਚੋਂ ਅੰਗਰੇਜ਼ੀ ਫੌਜ ਵਿਚ ਭਰਤੀ ਹੋਏ ਚਮਾਰ, ਚੂਹੜੇ, ਤਰਖਾਣ, ਖੱਤਰੀ, ਛੋਟੀਆਂ ਜਾਤਾਂ ਦੇ ਉਹ ਲੋਕ ਜੋ ਦੂਜੀ ਸੰਸਾਰ ਜੰਗ ਵਿਚ ਬਚ ਕੇ ਆਏ, ਖਾਸ ਕਰਕੇ ਪੰਜਾਬ ਵਿਚੋਂ ਦੁਆਬੇ ਦੇ ਲੋਕਾਂ ਨੇ ਆਪਣੇ ਗੁਰੂ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕਰਨ ਲਈ ਕੜਾਹ ਪ੍ਰਸ਼ਾਦ ਦੀ ਦੇਗ ਦੇ ਕੇ ਆਪਣੇ ਰਹਿਬਰ ਦਾ ਸ਼ੁਕਰਾਨਾ ਕਰਨਾ ਚਾਹਿਆ।

ਭਾਵ ਅਰਦਾਸ ਕਰਨੀ ਚਾਹੀ ਪਰ ਉਨ੍ਹਾਂ ਗਰੀਬ ਦਲਿਤ ਸਿੱਖਾਂ ਨੂੰ ਚੌਥੇ ਪੌੜੇ ਵਾਲੇ ਕਹਿ ਕੇ ਧੱਕੇ ਮਾਰ-ਮਾਰ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਵਿਚੋਂ ਕੱਢਿਆ ਗਿਆ। ਬੇਪੱਤ ਕਰਕੇ ਉਹਨਾਂ ਦੀ ਕੜਾਹ ਪ੍ਰਸ਼ਾਦ ਦੀ ਦੇਗ ਵੀ ਨਾ ਸਿਰੇ ਚੜ੍ਹਨ ਦਿੱਤੀ।

ਬਾਬੇ ਨਾਨਕ ਦੇ ਪੈਰੋਕਾਰ ਉਹ ਲੋਕ ਜੋ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦੇ ਸਨ, ਕਿਉਂਕਿ ਬਾਬੇ ਨਾਨਕ ਨੇ ਆਪਣੇ ਹਿੰਦੂ ਧਰਮ ਤੋਂ ਬਾਗੀ ਹੋ ਕੇ ਸਿੱਖ ਧਰਮ ਦੀ ਨੀਂਹ ਹੀ ਇਨ੍ਹਾਂ ਗਰੀਬਾਂ, ਲਤਾੜੇ, ਦੁਰਕਾਰੇ ਲੋਕਾਂ ਖਾਤਰ ਹੀ ਰੱਖੀ ਸੀ। ਜਿਸਨੂੰ ਉਸ ਵੇਲੇ ਦਾ ਹਿੰਦੂ ਧਰਮ ਕੁੱਤਿਆਂ-ਬਿੱਲਿਆਂ ਤੋਂ ਵੀ ਘਟੀਆ ਸਮਝਦਾ ਸੀ। ਇਨਸਾਨ ਤਾਂ ਬਹੁਤ ਦੂਰ ਦੀ ਗੱਲ ਸੀ ਅਤੇ ਬਾਬੇ ਨਾਨਕ ਨੇ ਸੁਲਤਾਨਪੁਰ ਲੋਧੀ ਵਿਖੇ ਜਦੋਂ ਉਹ ਨੌਕਰੀ ਕਰਦੇ ਸਨ, ਜਦੋਂ ਉਚੀਆਂ ਜਾਤਾਂ ਵਾਲਿਆਂ ਨੇ ਸਤਿਗੁਰੂ ਨਾਮਦੇਵ, ਸਤਿਗੁਰੂ ਕਬੀਰ, ਸਤਿਗੁਰੂ ਰਵਿਦਾਸ ਜੀ ਅਤੇ ਹੋਰ ਸੰਤਾਂ ਨੂੰ ਪੱਛੜੀਆਂ ਜਾਤਾਂ ਦੇ ਹੋਣ ਕਾਰਨ ਰੋਟੀ-ਪਾਣੀ ਖੁਆਉਣ ਤੋਂ ਵੀ ਨਾਂਹ ਕਰ ਦਿੱਤੀ ਸੀ। ਤਾਂ ਬਾਬੇ ਨਾਨਕ ਨੇ ਹੀ ਇਨ੍ਹਾਂ ਲੋਕਾਂ ਦੀ ਬਾਂਹ ਫੜੀ ਸੀ ਅਤੇ ਐਲਾਨੀਆ ਕਿਹਾ ਸੀ- ਨੀਚਾਂ ਅੰਦਰ ਨੀਚ ਜਾਤ ਨੀਚਹੂ ਹੁ ਅੱਤ ਨੀਚ ਨਾਨਕ ਤਿਨ ਕੇ ਸੰਗ ਸਾਥ ਵੱਡਿਆਂ ਸਿਉਂ ਕਿਆ ਰੀਸ, ਜਿੱਥੇ ਨੀਚ ਵਿਖਾਨੀਏ ਉਥ ਨਦਰ ਤੇਰੀ ਬਖਸ਼ੀਸ਼...

ਜਿਸ ਦੀ ਗਵਾਹੀ, ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਵੀ ਭਰਦੇ ਹਨ (ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈ...)।

ਬਾਬੇ ਨਾਨਕ ਦੇ ਗਰੀਬ ਦਲਿਤ ਸਿੱਖ ਫੌਜੀਆਂ ਨੂੰ ਹਰਿਮੰਦਰ ਸਾਹਿਬ ਵਿਚੋਂ ਉਸ ਸਮੇਂ ਦੇ ਅਕਾਲ ਤਖਤ ਦੇ ਜਥੇਦਾਰ ਸਰਦਾਰ ਸਿਮਰਨਜੀਤ ਸਿੰਘ ਦੇ ਨਾਨਾ ਅਰੂੜ ਸਿੰਘ ਨੇ ਕੱਢਿਆ ਸੀ। ਇਹ ਕਾਰਾ ਪਹਿਲੀ ਵਾਰੀ ਨਹੀਂ ਹੋਇਆ ਸੀ, ਆਪਣੇ ਪਿਤਾ ਪੁਰਖਿਆਂ ਦੀਆਂ ਲੀਹਾਂ ਉਪਰ ਚਲਦੇ ਹੋਏ ਉਸ ਨੇ ਇਹ ਕਾਰਾ ਕੀਤਾ ਸੀ (ਅਛੂਤ ਮਜ਼ਹਬੀ ਬਾਬਾ ਵੀਰ ਸਿੰਘ ਦੀ 1300 ਘੋੜਿਆਂ ਵਾਲੀ ਤਾਕਤਵਰ ਮਿਸ਼ਨ ਨੂੰ ਧੋਖੇ ਨਾਲ ਬਿਨਾਂ ਹਥਿਆਰਾਂ ਤੋਂ ਦਰਬਾਰ ਸਾਹਿਬ ਅੰਦਰ ਸੱਦ ਦੇ ਚੜ੍ਹਤ ਸਿੰਘ ਸ਼ੁਕਰਚੱਕੀਆ ਅਤੇ ਅਮਰਿੰਦਰ ਸਿੰਘ ਦੇ ਦਾਦਾ ਆਲਾ ਸਿੰਘ ਨੇ ਧੋਖੇ ਨਾਲ ਕਤਲ ਕਰਵਾ ਦਿੱਤਾ ਸੀ।)

ਇਸ ਧੱਕੇਸ਼ਾਹੀ ਵਿਰੁੱਧ ਬਾਬੇ ਨਾਨਕ ਦੇ ਨਿਮਾਣੇ ਲਤਾੜੇ ਦੁਰਕਾਰੇ ਫੌਜੀ ਸਿੱਖਾਂ ਨੇ ਇਨ੍ਹਾਂ ਮਨੂੰਵਾਦੀ ਸੋਚ ਦੇ ਧਾਰਨੀ ਲੋਕਾਂ ਪਾਸੋਂ ਬਾਬੇ ਨਾਨਕ ਦੀ ਸਿੱਖੀ ਦੇ ਬੂਟੇ ਨੂੰ ਭਾਵ ਗੁਰੂ ਗ੍ਰੰਥ ਸਾਹਿਬ ਦੀ ਹੋਂਦ ਨੂੰ ਬਚਾਉਣ ਲਈ ਰੋਸ ਵਜੋਂ ਜਲ੍ਹਿਆਂ ਵਾਲੇ ਬਾਗ ਵਿਚ ਮੀਟਿੰਗ ਦੀ ਤਾਰੀਖ ਰੱਖ ਲਈ ਤਾਂ ਕਿ ਆਪਣੀ ਹੋਈ ਬੇਇੱਜ਼ਤੀ ਦਾ ਕੋਈ ਹੱਲ ਕੱਢਿਆ ਜਾਵੇ।

ਪਰ ਇਸੇ ਜਥੇਦਾਰ ਅਰੂੜ ਸਿੰਘ ਨੇ ਉਸ ਮੌਕੇ ਦੇ ਅੰਗਰੇਜ਼ ਅਫਸਰ ਜਨਰਲ ਐਡਵਾਇਰ ਪਾਸ ਜਾ ਕੇ ਝੂਠ ਬੋਲਿਆ ਕਿ ਇਹ ਜਲ੍ਹਿਆਂ ਵਾਲੇ ਬਾਗ ਵਿਚ ਇਕੱਠੇ ਹੋਣ ਜਾ ਰਹੇ ਲੋਕ ਅੰਗਰੇਜ਼ੀ ਸਰਕਾਰ ਦੇ ਬਾਗੀ ਹਨ ਅਤੇ ਇਨ੍ਹਾਂ ਨੂੰ ਸਬਕ ਸਿਖਾਇਆ ਜਾਣਾ ਚਾਹੀਦਾ ਹੈ। ਅਰੂੜ ਸਿੰਘ ਜਥੇਦਾਰ ਦੀ ਇਸੇ ਗੱਲ ਨੂੰ ਸੱਚ ਮੰਨ ਕੇ ਇਸੇ ਗੱਲ ਨੂੰ ਮੁੱਖ ਰੱਖ ਕੇ ਅੰਗਰੇਜ਼ ਜਨਰਲ ਐਡਵਾਇਰ ਨੇ ਜਲ੍ਹਿਆਂ ਵਾਲੇ ਬਾਗ ਵਿਚ ਦਲਿਤ ਸਮਾਜ ਦੇ ਲੋਕਾਂ ਦੇ ਭਰੇ ਹੋਏ ਇਕੱਠ ਉਪਰ ਗੋਲੀਆਂ ਦਾ ਮੀਂਹ ਵਰਾਇਆ ਸੀ ਅਤੇ ਹਜ਼ਾਰਾਂ ਦਲਿਤ ਸਮਾਜ ਦੇ ਫੌਜੀ, ਬੱਚੇ, ਬੁੱਢੇ, ਔਰਤਾਂ ਭਾਵ ਨਿਰਦੋਸ਼ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ।

ਇਸ ਘੱਲੂਘਾਰੇ ਕਰਕੇ ਇਸੇ ਜਥੇਦਾਰ ਅਰੂੜ ਸਿੰਘ ਨੇ ਜਨਰਲ ਐਡਵਾਇਰ ਨੂੰ ਹਰਿਮੰਦਰ ਸਾਹਿਬ ਤੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇੱਥੋਂ ਤੱਕ ਹੀ ਨਹੀਂ ਉਸਨੂੰ ਅੰਮ੍ਰਿਤਪਾਨ ਕਰਕੇ ਸਿੱਖ ਸਜਣ ਦੀ ਵੀ ਪੇਸ਼ਕਸ਼ ਕੀਤੀ ਗਈ ਪਰ ਜਦੋਂ ਉਸ ਸੱਚੇ ਸੁੱਚੇ ਇਨਸਾਨ ਨੇ ਇਹ ਕਹਿ ਕੇ ਅੰਮ੍ਰਿਤਪਾਨ ਕਰਨ ਤੋਂ ਨਾਂਹ ਕਰ ਦਿੱਤੀ ਕਿ ਉਹ ਤਾਂ ਮੀਟ, ਸ਼ਰਾਬ ਅਤੇ ਸਿਗਰਟਾਂ ਤੱਕ ਪੀਂਦਾ ਹੈ ਤਾਂ ਇਸੇ ਅਰੂੜ ਸਿੰਘ ਨੇ ਉਸ ਨੂੰ ਇਸ ਸ਼ਰਤ ਤੇ ਅੰਮ੍ਰਿਤਪਾਨ ਕਰਨ ਦੀ ਇਜਾਜ਼ਤ ਦਿੱਤੀ ਕਿ ਜੇਕਰ ਉਹ ਸਾਂਝੇ ਵਿਚ ਇਕ ਸਿਗਰਟ ਘੱਟ ਪੀ ਲਿਆ ਕਰੇ ਤਾਂ ਵੀ ਉਹ ਸਿੱਖ ਸਜ ਸਕਦਾ ਹੈ। ਇਸ ਦੇ ਨਾਲ ਹੀ ਉਸ ਨੂੰ ਇਸ ਕਾਰੇ ਕਰਕੇ ਘਰ ਸੱਤ ਪ੍ਰੀਤੀ ਭੋਜ ਦਿੱਤਾ ਗਿਆ। ਇਸੇ ਕਰਕੇ ਅੱਜ ਤੱਕ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਹੀਦ ਹੀ ਨਹੀਂ ਮੰਨਿਆ ਗਿਆ। ਸਿਮਰਨਜੀਤ ਸਿੰਘ ਮਾਨ ਆਪਣੇ ਨਾਨੇ ਦੁਆਰਾ ਕੀਤੇ ਇਸ ਦਲਿਤ ਸਮਾਜ ਉਪਰ ਘੱਲੂਘਾਰੇ ਦੀ ਮੁਆਫੀ ਵੀ ਮੰਗ ਚੁੱਕਾ ਹੈ ਪਰ ਇਸ ਐਨੇ ਵੱਡੇ ਘੱਲੂਘਾਰੇ ਨੂੰ ਕਰਵਾਉਣ ਵਾਲੇ ਨਾਲ ਜਥੇਦਾਰ ਅਰੂੜ ਸਿੰਘ ਨੂੰ ਕੋਈ ਵੀ ਖਾਸ ਸਜ਼ਾ ਨਹੀਂ ਦਿੱਤੀ ਗਈ ਸੀ। ਸਿੱਖ ਸਮਾਜ ਵੱਲੋਂ ਕਿਉਂ? ਅੰਮ੍ਰਿਤਸਰ ਦੇ ਯਤੀਮਖਾਨੇ ਵਿਚ ਰਹਿ ਕੇ ਪੇਟ ਭਰਨ ਲਈ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਰਿਕਸ਼ਾ ਚਲਾਉਣ ਵਾਲਾ ਯੂ. ਪੀ. ਦਾ ਦਲਿਤ ਊਧਾ ਜਲ੍ਹਿਆਂ ਵਾਲੇ ਬਾਗ ਵਿਚ ਜਨਰਲ ਐਡਵਾਇਰ ਦੇ ਸਿਪਾਹੀਆਂ ਦੁਆਰਾ ਮਾਰੇ ਗਏ ਦਲਿਤ ਲੋਕਾਂ ਦੀਆਂ ਲਾਸ਼ਾ ਚੁੱਕ ਰਿਹਾ ਸੀ (ਕਿਉਂਕਿ ਕੋਈ ਵੀ ਉਨ੍ਹਾਂ ਲੋਕਾਂ ਦੀਆਂ ਲਾਸ਼ਾਂ ਚੁੱਕਣ ਲਈ ਤਿਆਰ ਨਹੀਂ ਸੀ, ਕਿਉਂਕਿ ਉਧਾ ਯਤੀਮਖਾਨੇ ਵਿਚ ਮੁਫਤ ਰਹਿੰਦਾ ਸੀ। ਇਸੇ ਕਰਕੇ ਉਹਨਾਂ ਲੋਕਾਂ ਨੂੰ ਧੱਕੇ ਨਾਲ ਲਾਸ਼ਾਂ ਚੁੱਕਣ ਲਈ ਲਿਆਂਦਾ ਗਿਆ ਸੀ।) ਤਾਂ ਉਸ ਦਾ ਖੂਨ ਉਬਾਲਾ ਖਾ ਗਿਆ। ਉਸ ਦੀ ਜ਼ਮੀਰ ਜਾਗ ਪਈ ਅਤੇ ਉਹ ਵੀਹ ਸਾਲ ਤੱਕ ਇੰਗਲੈਂਡ ਦੀਆਂ ਗਲੀਆਂ ਵਿਚ ਘੁੰਮ-ਘੁੰਮ ਕੇ ਜਨਰਲ ਐਡਵਾਇਰ ਨੂੰ ਲੱਭਦਾ ਰਿਹਾ ਅਤੇ ਆਖਿਰ ਉਸ ਨੂੰ ਲੱਭ ਕੇ ਮਾਰ ਕੇ ਹੀ ਸਾਹ ਲਿਆ ਪਰ ਉਸ ਨੂੰ ਅਰੂੜ ਸਿੰਘ ਦੀ ਸਮਝ ਨਾ ਪਈ ਜਦੋਂ ਕਿ ਗੋਲੀ ਤਾਂ ਪਹਿਲਾਂ ਅਰੂੜ ਸਿੰਘ ਦੀ ਹਿੱਕ ਵਿਚ ਮਾਰਨੀ ਚਾਹੀਦੀ ਸੀ।

ਉਪਰ ਦਿੱਤਾ ਸੱਚ ਇਸ ਗੱਲ ਦੀ ਵੀ ਗਵਾਹੀ ਭਰਦਾ ਹੈ ਕਿ ਦੇਸ਼, ਕੌਮ ਲਈ ਮਰਨ ਵਾਲੇ ਸ਼ਹੀਦਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਉਹਨਾਂ ਦੀਆਂ ਸ਼ਹੀਦੀਆਂ ਉਪਰ ਮੁਆਫੀ ਨਹੀਂ ਮੰਗੀ ਜਾਂਦੀ। ਜੇਕਰ ਇਹ ਸੱਚ ਹੁੰਦਾ ਤਾਂ ਸਿਮਰਨਜੀਤ ਸਿੰਘ ਨੂੰ ਆਪਣੇ ਨਾਨੇ ਜਥੇਦਾਰ ਅਰੂੜ ਸਿੰਘ ਦੁਆਰਾ ਦਲਿਤ ਸਮਾਜ ਉਪਰ ਕੀਤੇ ਘੱਲੂਘਾਰੇ ਦੀ ਮੁਆਫੀ ਮੰਗਣ ਦੀ ਕੀ ਲੋੜ ਸੀ। ਇਹ ਸੀ ਜਲ੍ਹਿਆਂ ਵਾਲੇ ਬਾਗ ਦਾ ਅਸਲੀ ਸੱਚ, ਕਿਉਂਕਿ ਇਤਿਹਾਸ ਹਮੇਸ਼ਾ ਜਿੱਤੀਆਂ ਹੋਈਆਂ ਕੌਮਾਂ, ਜਿੱਤੇ ਹੋਏ ਲੋਕਾਂ ਦੁਆਰਾ ਹੀ ਲਿਖਿਆ ਜਾਂਦਾ ਹੈ।

# ਅੰਬੇਦਕਰ ਸੈਨਾ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ

## ਪੰਜਾਬ 'ਚ ਲਾਗੂ ਕਰਵਾਉਣ ਲਈ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

## ਸਕੀਮ ਲਾਗੂ ਨਾ ਕਰਨ ਵਾਲੇ ਕਾਲਜਾਂ ਦੇ ਖ਼ਿਲਾਫ਼ ਸੈਨਾ ਹਾਈਕੋਰਟ ਜਾਵੇਗੀ - ਢੰਡਾ

ਫਗਵਾੜਾ 2 ਮਈ (ਬੀ. ਕੇ. ਰੱਤੂ) ਅੰਬੇਡਕਰ ਸੈਨਾ ਪੰਜਾਬ ਵਲੋਂ ਸੂਬਾ ਪ੍ਰਧਾਨ ਸੁਰਿੰਦਰ ਢੰਡਾ ਦੀ ਅਗਵਾਈ ਹੇਠ ਇੱਕ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਦੇ ਨਾਂ ਐਸ.ਡੀ.ਐਮ. ਫਗਵਾੜਾ ਪੀ. ਪੀ. ਸਿੰਘ ਨੂੰ ਦੇ ਕੇ ਉਨ੍ਹਾਂ ਦੇ ਧਿਆਨ ਹਿੱਤ ਲਿਆਂਦਾ ਕਿ ਕੇਂਦਰ ਤੇ ਰਾਜ ਸਰਕਾਰ ਦੀ ਸਾਂਝੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਦੋ ਲੱਖ ਤੋਂ ਘੱਟ ਸਾਲਾਨਾ ਆਮਦਨ ਵਾਲੇ ਐਸ.ਸੀ. ਪਰਿਵਾਰਾਂ ਦੇ ਬੱਚਿਆਂ ਨੂੰ ਦਸਵੀਂ ਤੋਂ ਬਾਅਦ ਉੱਚ ਸਿੱਖਿਆ ਮੁਫ਼ਤ ਹੈ ਅਤੇ ਕੋਈ ਵੀ ਕਾਲਜ ਇਸ ਕੈਟਾਗਰੀ 'ਚ ਆਉਣ ਵਾਲੇ ਵਿਦਿਆਰਥੀਆਂ ਤੋਂ ਕਿਸੇ ਵੀ ਤਰ੍ਹਾਂ ਦੀ ਫੀਸ ਨਹੀਂ ਲੈ ਸਕਦਾ ਇਸ ਸਬੰਧੀ ਪੰਜਾਬ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਵੀ ਲਿਖਿਆ ਹੈ ਪਰੰਤੂ ਇਸ ਦੇ ਬਾਵਜੂਦ ਵੀ ਜ਼ਿਆਦਾਤਰ ਕਾਲਜ ਇਹ ਸਕੀਮ ਵਿਦਿਆਰਥੀਆਂ ਨੂੰ ਦੇਣ੍ਹ ਤੋਂ ਆਨਾਕਾਨੀ ਕਰਕੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਖੱਜਲ ਖੁਆਰ ਕਰ ਰਹੇ ਹਨ ਅਤੇ ਵਿਦਿਆਰਥੀਆਂ ਦੇ ਭਵਿੱਖ ਨਾਲ ਵੀ ਖਿਲਵਾੜ ਕੀਤਾ ਜਾ ਰਿਹਾ ਹੈ। ਅਸੀਂ ਅੰਬੇਡਕਰ ਸੈਨਾ ਪੰਜਾਬ ਵਲੋਂ ਮੰਗ ਪੱਤਰ ਭੇਜ ਕੇ ਮੰਗ ਕਰਦੇ ਹਾਂ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਆਉਂਦੇ ਵਿਦਿਆਰਥੀਆਂ ਕੋਲੋਂ ਫੀਸਾਂ ਵਸੂਲਣ ਵਾਲੇ ਕਾਲਜਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਦੇ ਹੋਏ ਇਨ੍ਹਾਂ ਕਾਲਜਾਂ ਦੀ ਮਾਨਤਾ ਖ਼ਤਮ ਕੀਤੀ ਜਾਵੇ ਅਤੇ




ਇਸ ਸਕੀਮ ਨੂੰ ਪੂਰੇ ਪੰਜਾਬ 'ਚ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ। ਸੈਨਾ ਦੇ ਆਗੂਆਂ ਪ੍ਰਧਾਨ ਸੁਰਿੰਦਰ ਢੰਡਾ, ਰਜਿੰਦਰ ਘੇੜਾ ਨੇ ਮੰਗ ਪੱਤਰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਅੱਜ ਅੰਬੇਡਕਰ ਸੈਨਾ ਵਲੋਂ ਇੱਕ ਮੰਗ ਪੱਤਰ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਦੇ ਨਾਂ ਐਸ.ਡੀ.ਐਮ. ਫਗਵਾੜਾ ਨੂੰ ਦੇ ਕੇ ਮੰਗ ਕੀਤੀ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਐਸ.ਸੀ. ਵਿਦਿਆਰਥੀਆਂ ਕੋਲੋਂ ਫੀਸਾਂ ਮੁਆਫ਼ ਹੋਣ ਦੇ ਬਾਵਜੂਦ ਵੀ ਮੋਟੀਆਂ ਫਈਸਾਂ ਵਸੂਲਣ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਇਨ੍ਹਾਂ ਕਾਲਜਾਂ ਦੀਆਂ ਮਾਨਤਾ ਰੱਦ ਕੀਤੀ ਜਾਵੇ। ਸੈਨਾ ਆਗੂਆਂ ਦੱਸਿਆ ਕਿ ਐਸ.ਡੀ.ਐਮ. ਸਾਹਿਬ ਨੇ ਸਾਨੂੰ ਭਰੋਸਾ ਦਿੱਤਾ ਕਿ ਤੁਹਾਡਾ ਮੰਗ ਪੱਤਰ ਮੁੱਖ ਮੰਤਰੀ ਸਾਹਿਬ ਨੂੰ ਤੁਰੰਤ ਭੇਜ ਦਿੱਤਾ ਜਾਵੇਗਾ ਅਤੇ ਸਰਕਾਰ ਦੇ ਫ਼ੈਸਲੇ ਦੀ ਉਲੰਘਣਾ ਕਰਨ ਵਾਲੇ ਕਾਲਜਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਸੈਨਾ ਆਗੂਆਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਸਾਡੀ ਉਕਤ ਮੰਗ ਦਾ ਹੱਲ ਜਲਦੀ ਤੋਂ ਜਲਦੀ ਨਾ ਕੀਤਾ ਗਿਆ ਤਾਂ ਅੰਬੇਡਕਰ ਸੈਨਾ ਸਮੁੱਚੇ ਦਲਿਤ ਵਰਗ ਨੂੰ ਨਾਲ ਲੈ ਕੇ ਕਾਲਜਾਂ ਦੇ ਮੁੱਖੀਆਂ ਖ਼ਿਲਾਫ਼ ਜਬਰਦਸਤ ਰੋਸ ਸੰਘਰਸ਼ ਵਿੱਢੇਗੀ। ਜੇਕਰ ਫਿਰ ਵੀ ਕੋਈ ਗੱਲ ਬਣਦੀ ਦਿਖਾਈ ਨਾ ਦਿੱਤੀ ਤਾਂ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨੂੰ ਲਾਗੂ ਕਰਵਾਉਣ ਲਈ ਮਾਨਯੋਗ ਹਾਈਕੋਰਟ ਦਾ ਦਰਵਾਜਾ ਖੜਕਾਇਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਰਣਜੀਤ ਪਵਾਰ, ਤਰਸੇਮ ਚੁੰਬਰ, ਤਹਿਸੀਲ ਫਿਲੋਰ ਦੇ ਪ੍ਰਧਾਨ ਦੀਪਕ ਰਸੂਲਪੁਰੀ, ਹਰਜਿੰਦਰ ਜੰਡਾਲੀ, ਪੀ. ਕੇ. ਬੰਗਾ, ਕਮਲ ਦੁੱਗ, ਸੰਦੀਪ ਕੋਟਰਾਣੀ, ਜਿੰਦਰ ਰਸੀਲਾ, ਹੈਪੀ ਢੰਡਾ, ਸੋਨੂੰ ਜੰਡਾਲੀ, ਸਵਰੇਸ਼ ਕੁਮਾਰ, ਵਿਨੋਦ ਸੰਤੋਖਪੁਰਾ, ਅਸ਼ੋਕ ਖੋਤੜਾਂ, ਬਲਰਾਜ ਕੌਲਸਰ, ਹਰਬੰਸ ਲਾਲ ਡੱਡਲ ਮੁਹੱਲਾ, ਵਿਜੇ ਚੁੰਬਰ, ਵਿਜੇ ਪਲਾਹੀ ਗੇਟ, ਹਨੀ, ਮਨੀ, ਸੁੱਖਾ ਕੋਟਰਾਣੀ ਤੋਂ ਇਲਾਵਾ ਭਾਰੀ ਗਿਣਤੀ 'ਚ ਸੈਨਾ ਦੇ ਵਰਕਰ ਤੇ ਆਗੂ ਹਾਜ਼ਰ ਸਨ।

## ਮਾਮਲਾ ਬਾਬਾ ਸਾਹਿਬ ਦੇ ਬੁੱਤ ਦੀ ਬੇਅਦਬੀ ਕਰਨ ਦਾ

# ਉੱਤਰ ਪ੍ਰਦੇਸ਼ ਦੀ ਸਪਾ ਸਰਕਾਰ ਨੂੰ ਤੁਰੰਤ ਬਰਖ਼ਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ - ਢੰਡਾ

ਫਗਵਾੜਾ 8 ਮਈ ( ਬੀ. ਕੇ. ਰੱਤੂ) ਅੰਬੇਡਕਰ ਸੈਨਾ ਪੰਜਾਬ ਦੇ ਪ੍ਰਧਾਨ ਸੁਰਿੰਦਰ ਢੰਡਾ, ਚੇਅਰਮੈਨ ਰਜਿੰਦਰ ਘੇੜਾ ਤੇ ਸੂਬਾ ਜਨਰਲ ਸਕੱਤਰ ਕਮਲ ਲੱਖਪੁਰ ਨੇ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਉੱਤਰ ਪ੍ਰਦੇਸ਼ ਦੇ ਕਾਨਪੁਰ ਜ਼ਿਲ੍ਹੇ ਦੇ ਥਾਣਾ ਚਕੇਰੀ ਖੇਤਰ 'ਚ ਸ਼ਰਾਰਤੀ ਤੱਤ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਦੀ ਬੇਅਦਵੀ ਕਰਨ ਦੀ ਘਟਨਾਂ ਦੀ ਜ਼ੋਰਦਾਰ ਸ਼ਬਦਾਂ 'ਚ ਨਿਖ਼ੇਧੀ





ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਯੂ.ਪੀ. ਦੀ ਅਖ਼ਿਲੇਸ਼ ਯਾਦਵ ਸਰਕਾਰ ਨੂੰ ਤੁਰੰਤ ਬਰਖ਼ਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ। ਉਕਤ ਆਗੂਆਂ ਨੇ ਇਸ ਸ਼ਰਮਨਾਕ ਘਟਨਾਂ ਲਈ ਯੂ.ਪੀ. ਦੀ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਇਸ ਘਟਨਾਂ ਨਾਲ ਸਮੁੱਚੇ ਦਲਿਤ ਸਮਾਜ ਅਤੇ ਬਾਬਾ ਸਾਹਿਬ ਜੀ ਦੇ ਪੈਰੋਕਾਰਾਂ ਦੇ ਹਿਰਦੇ ਵਲੂੰਧਰੇ ਗਏ ਹਨ। ਸੈਨਾ ਆਗੂਆਂ ਕਿਹਾ ਕਿ ਉੱਤਰ ਪ੍ਰਦੇਸ਼ ਦੀ ਸਰਕਾਰ ਗੁੰਡਾਗਰਦੀ, ਲੁੱਟਖੋਹ, ਜ਼ਬਰਜਿਨਾਹ ਦੀਆਂ ਘਟ ਨਾਵਾਂ ਰੋਕਣ ਅਤੇ ਦਲਿਤ ਮਹਾਂਪੁਰਸ਼ ਦਾ ਮਾਣ ਸਤਿਕਾਰ ਬਹਾਲ ਰੱਖਣ 'ਚ ਬੁਰੀ ਤਰ੍ਹਾਂ ਫ਼ੇਲ੍ਹ ਸਾਬਤ ਹੋਈ ਹੈ। ਜਿਸਦੇ ਚਲਦਿਆਂ ਕੇਂਦਰ ਸਰਕਾਰ ਇਸ ਸਰਕਾਰ ਨੂੰ ਤੁਰੰਤ ਬਰਖ਼ਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰੇ, ਤਾਂ ਜੋ ਯੂ. ਪੀ. ਵਿੱਚੋਂ ਗੁੰਡਾਗਰਦੀ ਨੂੰ ਨੱਥ ਪਾਈ ਜਾ ਸਕੇ ਅਤੇ ਅਮਨ ਕਾਨੂੰਨ ਦੀ ਸਥਿਤੀ ਸ਼ਾਂਤਮਈ ਬਣੀ ਰਹੇ। ਸੈਨਾ ਆਗੂਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਬਾਬਾ ਸਾਹਿਬ ਜੀ ਦੇ ਬੁੱਤ ਦੀ ਬੇਅਦਬੀ ਕਰਨ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਹੋਰ ਕੋਈ ਵੀ ਸ਼ਰਾਰਤੀ ਅਨਸਰ ਅਜਿਹੀ ਘਿਨੌਣੀ ਹਰਕਤ ਨਾ ਕਰ ਸਕੇ। ਇਸ ਮੌਕੇ ਸੂਬਾ ਕਮੇਟੀ ਮੈਂਬਰ ਬਲਵਿੰਦਰ ਬੌਬੀ, ਤਰਸੇਮ ਚੁੰਬਰ, ਪਰਸ ਰਾਮ ਸ਼ਿਵਪੁਰੀ, ਹਰਦੀਪ ਬੇਗ਼ਮਪੁਰ, ਹਰਜਿੰਦਰ ਕੁਮਾਰ, ਪੀ. ਕੇ. ਬੰਗਾ, ਦੇਸ ਰਾਜ ਲੱਖਪੁਰ, ਵਿੱਕੀ ਚੁੰਬਰ, ਹਰਮੇਸ਼ ਲਾਲ ਮੇਸ਼ੀ, ਸੋਨੂੰ ਸ਼ਿਵਪੁਰੀ, ਜਿੰਦਰ ਰਸੀਲਾ, ਰਾਜੀ ਢੰਡਾ, ਵਿਨੋਦ ਸੰਤੋਖਪੁਰਾ, ਸਰਬਜੀਤ ਬੰਗਾ, ਸੰਦੀਪ ਦੀਪਾ, ਸੋਨੂੰ ਗੋਬਿੰਦਪੁਰਾ ਤੋਂ ਇਲਾਵਾ ਵੱਡੀ ਗਿਣਤੀ 'ਚ ਸੈਨਾ ਆਗੂ ਤੇ ਵਰਕਰ ਹਾਜ਼ਰ ਸਨ।

# ਧਨੀ ਪਿੰਡ ਸਕੂਲ ਨੂੰ 17 ਹਜ਼ਾਰ ਦੀ ਫਰਿਜ ਦਾਨ

ਫਗਵਾੜਾ 8 ਮਈ ( ਬੀ. ਕੇ. ਰੱਤੂ ) ਸਕੂ.ਲ ਦੇ ਪੁਰਾਣੇ ਵਿਦਿਆਰਥੀਆਂ ਅਤੇ ਸਕੂਲ ਪ੍ਰਬੰਧਕ ਕਮੇਟੀਆਂ ਦੇ ਆਹੁਦੇਦਾਰਾਂ ਦੇ ਸਹਿਯੋਗ ਨਾਲ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ )ਦੇ ਉਪਰਾਲਿਆ ਸਦਕਾ ਸਰਕਾਰੀ ਸੀਨੀਅਰ ਸੈਕੰਡਰੀ ਸਕੂ.ਲ ਧਨੀ ਪਿੰਡ ਨੂੰ 17 ਹਜ਼ਾਰ ਦੀ ਵੱਡੀ ਫਰਿਜ ਦਾਨ ਕੀਤੀ । ਪ੍ਰਿੰਸੀਪਲ ਹਰਮੇਸ਼ ਘੇੜਾ ਨੇ ਦੱਸਿਆ ਕਿ ਪਿਛਲੇ ਸੈਸ਼ਨ ਦੌਰਾਨ ਦਸਵੀਂ ਅਤੇ ਬਾਰਵੀਂ ਦੇ ਵਿਦਿਆਰਥੀਆਂ ਨੇ ਫਰਿਜ ਲਈ 9 ਹਜ਼ਾਰ ਰੁਪਿਆ ਅਤੇ ਸਰਪੰਚ ਮਹਿੰਦਰ ਸਿੰਘ, ਬਲਕਾਰ ਸਿੰਘ ਪੰਚ, ਮਹਿੰਗਾ ਰਾਮ, ਤਰਸੇਮ ਲਾਲ, ਗੁਰਮੀਤ ਰਾਮ ਸਾਬਕਾ ਸਰਪੰਚ, ਪਵਿੱਤਰ ਸਿੰਘ ਸੈਕਟਰੀ, ਪ੍ਰੇਮ ਕੁਮਾਰ,



ਅਨੀਤਾ ਕੁਮਾਰੀ ਆਦਿ ਨੇ 8 ਹਜ਼ਾਰ ਦਾ ਯੋਗਦਾਨ ਪਾਇਆ।

ਪ੍ਰਿੰਸੀਪਲ ਨੇ ਦਾਨੀ ਸੱਜਣਾ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਫਰਿਜ ਸਕੂ.ਲ ਨੂੰ ਦੇਣ ਸਮੇਂ ਅਧਿਆਪਕ ਹਰਜੀਤ ਸਿੰਘ, ਵਿੱਦਿਆ ਸਾਗਰ,ਅਮਰਜੀਤ ਸਿੰਘ, ਅਮਰਦੀਪ ਜੱਖੂ, ਅਨੀਤਾ ਕੁਮਾਰੀ, ਰੀਤਾ ਰਾਣੀ, ਮੁਨੀਸ ਕੁਮਾਰ, ਜਸਵਿੰਦਰ ਸਾਂਪਲਾ, ਜਸਵੀਰ ਕੌਰ, ਰਜਨੀ ਸੂਦ, ਰਜਿੰਦਰ ਕੁਮਾਰੀ ਤੋਂ ਇਲਾਵਾ ਸਕੂਲ ਦੇ ਸਮੂਹ ਵਿਦਿਆਰਥੀ ਹਾਜਰ ਸਨ।

# ਸਰਬਜੀਤ ਦੀ ਮੌਤ ਤੋਂ ਉਭਰਦੇ ਸਵਾਲ



ਦੋ ਦਹਾਕਿਆਂ ਤੋਂ ਵੱਧ ਸਮੇਂ ਤਕ ਮੌਤ ਨਾਲ ਲੁੱਕਣਮੀਟੀ ਖੇਡਣ ਵਾਲੇ ਸਰਬਜੀਤ ਦੇ ਕਸ਼ਟਾਂ ਭਰੇ ਜੀਵਨ ਦਾ ਲਾਹੌਰ ਦੇ ਜਿਨਾਹ ਹਸਪਤਾਲ ਵਿੱਚ ਦੁੱਖਦਾਈ ਅੰਤ ਹੋ ਗਿਆ ਹੈ। ਸਰਬਜੀਤ ਅਤੇ ਉਸ ਦੇ ਪਰਿਵਾਰ 'ਤੇ ਦੁੱਖਾਂ ਦੀ ਸ਼ੁਰੂਆਤ 1990 ਤੋਂ ਹੀ ਸ਼ੁਰੂ ਹੋ ਗਈ ਸੀ। ਉਸ ਦੀ ਪਤਨੀ ਆਪਣੇ ਸੁਹਾਗ ਦੇ ਇੰਤਜ਼ਾਰ 'ਚ ਪੱਥਰ ਹੋ ਗਈ। ਸਰਬਜੀਤ ਦੀਆਂ ਧੀਆਂ, ਜੋ ਪਾਕਿਸਤਾਨ 'ਚ ਸਰਬਜੀਤ ਦੇ ਫੜੇ ਜਾਣ ਵੇਲੇ ਕੁਝ ਕੁ ਮਹੀਨਿਆਂ ਦੀਆਂ ਸਨ, ਨੇ ਆਪਣੇ ਬਾਪ ਦਾ ਮੂੰਹ ਵੈਂਟੀਲੇਟਰ 'ਤੇ ਉਦੋਂ ਦੇਖਿਆ, ਜਦੋਂ ਉਨ੍ਹਾਂ ਦੇ ਮੂੰਹੋਂ ਨਿਕਲੇ 'ਪਾਪਾ' ਸ਼ਬਦ ਦੀ ਮਿੱਠੀ ਤਾਸੀਰ ਨੂੰ ਵੀ ਉਨ੍ਹਾਂ ਦਾ ਪਿਤਾ ਨਾ ਮਾਣ ਸਕਿਆ। ਸਰਬਜੀਤ ਦੀ ਭੈਣ ਆਪਣੇ ਭਰਾ ਨੂੰ ਘਰ ਦੀਆਂ ਬਰੂਹਾਂ 'ਤੇ ਪਰਤਾਉਣ ਦੀ ਜੱਦੋ-ਜਹਿਦ 'ਚ ਬਿਰਧ ਹੋ ਗਈ। ਉਸ ਨੇ ਹਾਕਮਾਂ ਦੇ ਦਰਾਂ ਤੋਂ ਲੈ ਧਾਰਮਿਕ ਚੌਖਟਾਂ ਤਕ ਮੱਥੇ ਰਗੜ ਕੇ ਫ਼ਰਿਆਦਾਂ ਕੀਤੀਆਂ ਕਿ ਉਸ ਦੀ ਰੱਖੜੀ ਨੂੰ ਸਲਾਮਤ ਰੱਖ ਲਓ ਪਰ ਉਸ ਦੀਆਂ ਫ਼ਰਿਆਦਾਂ ਨੂੰ ਨਾ ਤਾਂ ਹਾਕਮਾਂ ਦੇ ਦਰੋਂ ਢੋਈ ਮਿਲੀ ਤੇ ਨਾ ਹੀ ਕਿਸੇ 'ਭਗਵਾਨ' ਦੇ ਘਰੋਂ। ਸਰਬਜੀਤ ਦੀ ਕਹਾਣੀ ਰੂਹਾਂ ਨੂੰ ਵਿੰਨਣ ਵਾਲੀ ਹੈ। ਤਰਨ ਤਾਰਨ ਦੇ ਕਸਬਾ ਭਿਖੀਵਿੰਡ ਦਾ ਰਹਿਣ ਵਾਲਾ ਸਰਬਜੀਤ 1990 ਵਿੱਚ ਭੁਲੇਖੇ ਨਾਲ ਉਸ ਜ਼ਮੀਨ 'ਤੇ ਪੈਰ ਧਰ ਬੈਠਾ ਜੋ ਚੜ੍ਹਦੇ ਵਾਲੇ ਪਾਸੇ ਦੇ ਇਨਸਾਨਾਂ ਨੂੰ 'ਕਾਫ਼ਰ' ਮੰਨਦਾ ਹੈ। ਸਰਬਜੀਤ ਨੂੰ ਬੰਬ ਧਮਾਕਿਆਂ ਦੇ ਕੇਸ 'ਚ ਫਸਾ ਕੇ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਉਸ ਦੀ ਬੇਗੁਨਾਹੀ ਦੀਆਂ ਚੀਕਾਂ ਨਾ ਤਾਂ ਸੁਪਰੀਮ ਕੋਰਟ ਨੇ ਸੁਣੀਆਂ ਅਤੇ ਨਾ ਹੀ ਰਾਸ਼ਟਰਪਤੀ ਨੂੰ ਉਸ 'ਤੇ ਰਹਿਮ ਆਇਆ। ਤਸ਼ੱਦਦ ਤੋਂ ਬਚਣ ਅਤੇ ਇਹ ਦਰਸਾਉਣ ਲਈ ਕਿ ਉਹ ਪਾਕਿ ਦਾ ਦੁਸ਼ਮਣ ਨਹੀ ਹੈ, ਉਸ ਨੇ ਜੇਲ੍ਹ 'ਚ ਮੁਸਲਿਮ ਧਰਮ ਵੀ ਅਪਣਾ ਲਿਆ ਪਰ ਬਦਕਿਸਮਤੀ ਨਾਲ ਧਰਮ ਪਰਿਵਰਤਨ ਵੀ ਉਸ ਦੀ ਤਕਦੀਰ ਨਾ ਬਦਲ ਸਕਿਆ।

1990 ਤੋਂ ਲੈ ਕੇ ਮੌਤ ਦੀ ਗੋਦ ਵਿੱਚ ਪਹੁੰਚਣ ਤਕ ਸਰਬਜੀਤ ਪਾਕਿਸਤਾਨੀ ਜੇਲ੍ਹਾਂ 'ਚ ਅਣਮਨੁੱਖੀ ਤਸੀਹੇ ਝੱਲਦਾ ਰਿਹਾ। ਇਨ੍ਹਾਂ 23 ਸਾਲਾਂ 'ਚ ਸਰਬਜੀਤ ਅਤੇ ਉਸ ਦਾ ਪਰਿਵਾਰ ਦੁੱਖਾਂ ਦੇ ਸਾਗਰ 'ਚ ਗੋਤੇ ਖਾਂਦਾ ਰਿਹਾ। ਕੁਝ ਸਾਲ ਪਹਿਲਾਂ ਮੀਡੀਆ ਵੱਲੋਂ ਇਹ ਮੁੱਦਾ ਚੁੱਕੇ ਜਾਣ ਤੋਂ ਬਾਅਦ ਸਰਬਜੀਤ ਅਤੇ ਉਸ ਦੇ ਪਰਿਵਾਰ ਨੂੰ ਕੁਝ ਹਮਦਰਦੀ ਦੀ ਨਿੱਘ ਮਿਲੀ ਸੀ। ਜੇਕਰ ਮੀਡੀਆ ਵਿੱਚ ਸਰਬਜੀਤ ਦੀ ਕਹਾਣੀ ਨਾ ਉੱਠਦੀ ਤਾਂ ਸ਼ਾਇਦ ਉਹ ਵੀ ਉਨ੍ਹਾਂ ਸੈਂਕੜੇ ਕੈਦੀਆਂ ਵਾਂਗ ਗੁਮਨਾਮੀ 'ਚ ਹੀ ਕਾਲ ਦੇ ਮੂੰਹ 'ਚ ਚਲਿਆ ਜਾਂਦਾ ਜੋ ਪਾਕਿ ਦੀ ਨਿਰਦਈਪਣ ਅਤੇ ਭਾਰਤ ਸਰਕਾਰ ਦੀ ਅਣਗਹਿਲੀ ਕਾਰਨ ਦਹਾਕਿਆਂ ਤੋਂ ਪਾਕਿ ਦੀਆਂ ਜੇਲ੍ਹਾਂ 'ਚ ਨਰਕ ਹੰਢਾ ਰਹੇ ਹਨ। ਹਜ਼ਾਰਾਂ ਭਾਰਤੀ ਵਿਦੇਸ਼ੀ ਜੇਲ੍ਹਾਂ 'ਚ ਜਾਨਵਰਾਂ ਤੋਂ ਬਦਤਰ ਜੂਨ ਭੋਗ ਰਹੇ ਹਨ। ਇਕੱਲੇ ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ ਹੀ 250 ਤੋਂ 350 ਕੈਦੀ ਬੰਦ ਹਨ ਜਿਨ੍ਹਾਂ 'ਚ ਕੁਝ ਜੰਗੀ ਕੈਦੀ ਵੀ ਸ਼ਾਮਲ ਹਨ। ਕੁਝ ਨਰਕ ਦੀ ਮਾਰ ਨਾ ਝੱਲਦੇ ਹੋਏ ਮਾਨਸਿਕ ਸੰਤੁਲਨ ਹੀ ਗਵਾ ਬੈਠੇ ਹਨ। ਚੰਗੇ ਭਾਗੀਂ ਪਾਕਿ ਦੀਆਂ ਜੇਲ੍ਹਾਂ 'ਚੋਂ ਛੁੱਟ ਕੇ ਆਏ ਕੁਝ ਕੈਦੀ ਦੱਸਦੇ ਹਨ ਕਿ ਪਾਕਿਸਾਤਨ ਵਿੱਚ ਫੜੇ ਜਾਣਾ ਹੀ ਮੌਤ ਹੈ। ਭਾਰਤੀ ਜਾਸੂਸ ਹੋਵੇ ਜਾਂ ਭੁਲੇਖੇ ਨਾਲ ਪਾਕਿ ਦੀ ਧਰਤੀ 'ਤੇ ਆਇਆ ਹਿੰਦੋਸਤਾਨੀ ਬਾਸ਼ਿੰਦਾ, ਸਭ ਲਈ ਤਸੀਹੇ ਇਕਸਾਰ ਹੀ ਹੁੰਦੇ ਹਨ। ਫੜੇ ਗਏ ਭਾਰਤੀ ਨੂੰ ਪਹਿਲਾਂ ਤਸੀਹਾ ਕੇਂਦਰਾਂ 'ਚ ਲਿਜਾਇਆ ਜਾਂਦਾ ਹੈ ਅਤੇ ਫਿਰ ਫ਼ੌਜੀ ਕੈਂਪਾਂ 'ਚ। ਦੋਵਾਂ ਹੀ ਥਾਵਾਂ 'ਤੇ ਪਾਕਿਸਤਾਨੀ ਇਸ ਕਦਰ ਤਸ਼ੱਦਦ ਢਾਹੁੰਦੇ ਹਨ ਕਿ ਮੌਤ ਵੀ ਕੰਬ ਉੱਠਦੀ ਹੈ। ਫਿਰ ਇਕਬਾਲੀਆ ਬਿਆਨ ਤਿਆਰ ਕਰਵਾ ਕੇ ਕੇਸ ਦਰਜ ਕਰ ਦਿੱਤਾ ਜਾਂਦਾ ਹੈ ਤੇ ਕੁਝ ਮਹੀਨਿਆਂ 'ਚ ਹੀ ਆਮ ਤੌਰ 'ਤੇ ਉਮਰ ਕੈਦ ਜਾਂ ਫ਼ਾਂਸੀ ਦੀ ਸਜ਼ਾ ਦਾ ਫ਼ੈਸਲਾ ਸੁਣਾਉਣ ਤੋਂ ਬਾਅਦ ਕੈਦੀ ਨੂੰ ਜੇਲ੍ਹ 'ਚ ਸੜ੍ਹਨ ਲਈ ਸੁੱਟ ਦਿੱਤਾ ਜਾਂਦਾ ਹੈ। ਕੁਝ ਚੰਗੇ ਕਰਮਾਂ

**ਮਿੰਟੂ ਗੁਰੂਸਰੀਆ**

ਵਲਿਆਂ ਦੀ ਰਿਹਾਈ ਹੋ ਜਾਂਦੀ ਹੈ, ਨਹੀਂ ਤਾਂ ਬਹੁਤੇ ਉੱਥੇ ਹੀ ਸੜ ਕੇ ਦਮ ਤੋੜ ਜਾਂਦੇ ਹਨ।

ਅਜਿਹੇ ਕੈਦੀਆਂ ਦੀ ਆਪਣੀ ਸਰਕਾਰ ਸਾਰ ਨਹੀਂ ਲੈਂਦੀ ਅਤੇ ਬੇਗਾਨੀ ਰਹਿਮ ਨਹੀਂ ਦਿਖਾਉਂਦੀ। ਭਾਰਤ 'ਚ ਫੜੇ ਗਏ ਪਾਕਿ ਨਾਗਰਿਕਾਂ ਦਾ ਵੀ ਇਹੋ ਹਸ਼ਰ ਹੁੰਦਾ ਹੈ। ਸਰਬਜੀਤ ਨਾਲ ਵੀ ਅਜਿਹਾ ਹੀ ਵਾਪਰਿਆ। ਉਸ ਦਾ ਪਰਿਵਾਰ ਡੇਢ ਦਹਾਕੇ ਤਕ ਪੱਲੇ ਅੱਡ-ਅੱਡ ਕੇ ਸਰਬਜੀਤ ਦੀ ਰਿਹਾਈ ਮੰਗਦਾ ਰਿਹਾ ਪਰ ਕਿਸੇ ਨੇ ਉਨ੍ਹਾਂ ਦੇ ਝੋਲੀ ਖ਼ੈਰ ਨਾ ਪਾਈ। ਮੀਡੀਆ ਵਿੱਚ ਕਹਾਣੀ ਨਸ਼ਰ ਹੋਈ ਤਾਂ ਦੋਵਾਂ ਪਾਸਿਆਂ ਤੋਂ ਕੁਝ ਕਾਗ਼ਜ਼ੀ ਹਲਚਲ ਹੋਈ ਪਰ ਉਦੋਂ ਤਕ ਦੇਰ ਹੋ ਚੁੱਕੀ ਸੀ।

ਵਿਹੁ-ਮਾਤਾ ਸਰਬਜੀਤ ਦੀ ਜ਼ਿੰਦਗੀ ਦਾ ਫ਼ੈਸਲਾ ਲਿਖ ਚੁੱਕੀ ਸੀ। ਇਕੱਲੇ ਸਰਬਜੀਤ ਨਹੀਂ ਹਰ ਉਸ ਕੈਦੀ ਦੇ ਪਰਿਵਾਰ ਦੀ ਸਰਕਾਰ ਸਾਰ ਨਹੀਂ ਲੈਂਦੀ ਜੋ ਵਿਦੇਸ਼ਾਂ ਦੀਆਂ ਜੇਲ੍ਹਾਂ 'ਚ ਸੜ ਰਿਹਾ ਹੁੰਦਾ ਹੈ, ਇਹ ਗੱਲ ਵੱਖਰੀ ਹੈ ਕਿ ਚਿੱਟਕੱਪੜੀਏ ਨੇਤਾ ਵੋਟਾਂ ਵਟੋਰਨ ਲਈ ਸਰਬਜੀਤ ਵਰਗੇ ਕੈਦੀਆਂ ਦੇ ਹੱਕ ਵਿੱਚ ਫਰੇਬੀ ਨਾਅਰੇ ਬੁਲੰਦ ਕਰਦੇ ਰਹਿੰਦੇ ਹਨ। ਕਿਸੇ ਵਿਰਲੇ ਕੈਦੀ ਦਾ ਜੇਕਰ ਮੁੱਦਾ ਮੀਡੀਆ 'ਚ ਚੁੱਕਦਾ ਹੁੰਦਾ ਵੀ ਹੈ ਤਾਂ ਉਸ ਦੀ ਕਾਗ਼ਜੀ ਪ੍ਰਕਿਰਿਆ ਪੂਰੀ ਹੋਣ 'ਚ ਹੀ ਸਾਲਾਂ ਲੱਗ ਜਾਂਦੇ ਹਨ। ਦਿੱਲੀ ਦੇ ਗੇੜੇ ਮਾਰ-ਮਾਰ ਕੇ ਮਾਪੇ ਆਖ਼ਰ ਕਹਿ ਦਿੰਦੇ ਹਨ,''ਜਾਹ ਡਾਢਿਆ! ਅਸਾਂ ਜਿਗਰ ਦਾ ਟੋਟਾ ਤੇਰੇ ਹਵਾਲੇ ਕੀਤਾ।'' ਸਰਬਜੀਤ ਦੇ ਮਾਮਲੇ 'ਚ ਸਾਡੀ ਸਰਕਾਰ ਨੇ ਵੇਲੇ ਸਿਰ ਜੇ ਚੌਕਸੀ ਅਤੇ ਜਜ਼ਬਾ ਵਿਖਾਇਆ ਹੁੰਦਾ ਤਾਂ ਅੱਜ ਸਰਬਜੀਤ 'ਸਵਰਗਵਾਸੀ ਸਰਬਜੀਤ' ਨਾ ਹੁੰਦਾ। ਸਰਬਜੀਤ ਦਾ ਮਾਮਲਾ ਤਾਂ ਜੱਗ-ਜਾਹਰ ਹੋ ਗਿਆ ਸੀ ਪਰ ਫਿਰ ਵੀ ਉਸ ਨੂੰ ਬਚਾਇਆ ਨਹੀਂ ਜਾ ਸਕਿਆ; ਉਨ੍ਹਾਂ ਦਾ ਕੀ ਹਾਲ ਹੋਊ, ਜੋ ਵਿਦੇਸ਼ੀ ਜੇਲ੍ਹਾਂ 'ਚ ਬੈਠੇ ਆਪਣੇ ਘਰਦਿਆਂ ਨੂੰ ਇਹ ਵੀ ਨਹੀਂ ਦੱਸ ਸਕਦੇ ਕਿ ਉਹ ਕਿਹੜੇ ਮੁਲਕ ਦੇ ਕਿਹੜੇ ਸ਼ਹਿਰ ਦੀ ਜੇਲ੍ਹ 'ਚ ਬੰਦ ਹਨ। ਭਾਰਤ ਸਰਕਾਰ ਵਿਦੇਸ਼ਾਂ ਦੀਆਂ ਜੇਲ੍ਹਾਂ 'ਚ ਬੰਦ ਆਪਣੇ ਕੈਦੀਆਂ ਪ੍ਰਤੀ ਕਿੰਨ੍ਹੀ ਕੁ ਸੰਜੀਦਾ ਹੈ, ਇਸ ਦੀ ਮਿਸਾਲ ਇਸ ਗੱਲ ਤੋਂ ਮਿਲਦੀ ਹੈ ਕਿ ਸਰਬਜੀਤ ਨੇ ਆਪਣੀ ਭੈਣ ਅਤੇ ਵਕੀਲ ਰਾਹੀਂ ਭਾਰਤ ਸਰਕਾਰ ਨੂੰ ਸੁਚੇਤ ਕੀਤਾ ਸੀ ਕਿ ਜੇਲ੍ਹ 'ਚ ਉਸ 'ਤੇ ਹਮਲਾ ਹੋਣ ਦੀ ਪ੍ਰਬਲ ਸੰਭਾਵਨਾ ਹੈ, ਉਸ ਨੇ ਕੁਝ ਕੈਦੀਆਂ ਦੇ ਨਾਂ ਵੀ ਲਿਖ ਕੇ ਭੇਜੇ ਸਨ।

ਇੱਥੋਂ ਤਕ ਕਿ ਭਾਰਤੀ ਖ਼ੁਫ਼ੀਆ ਏਜੰਸੀ ਨੇ ਵੀ ਦੋ ਵਾਰ ਸਰਕਾਰ ਨੂੰ ਚਿਤਾਇਆ ਸੀ ਕਿ ਜੇਲ੍ਹ 'ਚ ਸਰਬਜੀਤ 'ਤੇ ਹਮਲਾ ਹੋ ਸਕਦਾ ਹੈ ਪਰ ਸਰਕਾਰ ਲੰਮੀਆਂ ਤਾਣ ਕੇ ਸੁੱਤੀ ਰਹੀ ਤੇ ਆਖ਼ਰ ਭਾਣਾ ਵਰਤ ਗਿਆ। ਜੇਲ੍ਹ 'ਚ ਦੋ ਕੈਦੀਆਂ ਨੇ ਸਰਬਜੀਤ 'ਤੇ ਇੰਨਾ ਭਿਆਨਕ ਹਮਲਾ ਕੀਤਾ ਕਿ ਉਸ ਦੀ ਸੰਘਰਸ਼ਮਈ ਜ਼ਿੰਦਗੀ ਦਾ ਅੰਤ ਹੋ ਗਿਆ। ਹਮਲੇ ਤੋਂ ਬਾਅਦ ਇਹ ਤੱਥ ਉਭਰ ਕੇ ਸਾਹਮਣੇ ਆ ਰਿਹਾ ਹੈ ਕਿ ਸਰਬਜੀਤ 'ਤੇ ਹਮਲਾ ਆਈ.ਐੱਸ.ਆਈ. ਨੇ ਕਰਵਾਇਆ ਹੋ ਸਕਦਾ ਹੈ ਕਿਉਂਕਿ ਇਹ ਏਜੰਸੀ ਕਦੇ ਵੀ ਭਾਰਤ-ਪਾਕਿ 'ਚ ਸ਼ਾਂਤੀ ਨਹੀਂ ਚਾਹੁੰਦੀ। ਇਸ ਹਮਲੇ ਨੂੰ ਵੀ ਇਸ ਕੜੀ ਨਾਲ ਹੀ ਜੋੜਿਆ ਜਾ ਰਿਹਾ ਹੈ। ਸਾਜਿਸ਼ ਇੱਥੋਂ ਵੀ ਸਿੱਧ ਹੁੰਦੀ ਹੈ ਕਿ ਫ਼ਾਂਸੀ ਦੀ ਸਜ਼ਾ ਪ੍ਰਾਪਤ ਕੈਦੀ ਨੂੰ ਫ਼ਾਂਸੀ ਕੋਠੀ 'ਚ ਦੂਜੇ ਕੈਦੀਆਂ ਨਾਲੋਂ ਵੱਖ ਰੱਖਿਆ ਜਾਂਦਾ ਹੈ ਅਤੇ ਉੱਥੇ ਪੁਲੀਸ ਦਾ ਪਹਿਰਾ ਹੁੰਦਾ ਹੈ। ਫ਼ਾਂਸੀ ਯਾਫ਼ਤਾ ਨੂੰ ਇਸ ਕੋਠੀ 'ਚੋਂ ਬਾਹਰ ਨਹੀਂ ਕੱਢਿਆ ਜਾਂਦਾ। ਅਜਿਹੇ 'ਚ ਸਰਬਜੀਤ ਆਮ ਕੈਦੀਆਂ ਦਰਮਿਆਨ ਕਿਵੇਂ ਆਇਆ ਜਾਂ ਹਮਲਾਵਰ ਉਸ ਕੋਲ ਕਿਵੇਂ ਪਹੁੰਚੇ, ਇਸ ਸਵਾਲ ਦਾ ਜਵਾਬ ਹਰ ਕੋਈ ਲੱਭ ਰਿਹਾ ਹੈ। ਕੁਝ ਲੋਕ ਤਾਂ ਇਹ ਵੀ ਸ਼ੰਕਾ ਪ੍ਰਗਟ ਕਰ ਰਹੇ ਹਨ ਕਿ ਸਰਬਜੀਤ ਨੂੰ ਪਾਕਿ ਦੇ ਪ੍ਰਸ਼ਾਸਨ ਨੇ ਉੱਤੋਂ ਲੈ ਕੇ ਹੇਠਾਂ ਤਕ ਰਲ ਕੇ ਕਤਲ ਕੀਤਾ ਹੈ ਕਿਉਂਕਿ ਪਾਕਿ ਸਰਕਾਰ ਨੂੰ ਇਸ ਗੱਲ ਦਾ ਇਲਮ ਹੋ ਗਿਆ ਸੀ, ਕਿ ਜੇਕਰ ਸਰਬਜੀਤ ਨੂੰ ਫ਼ਾਂਸੀ ਦਿੱਤੀ ਗਈ ਤਾਂ ਮਾਨਵ ਅਧਿਕਾਰਾਂ ਦੇ ਰਾਖੇ ਉਸ ਨੂੰ ਅੰਤਰਰਾਸ਼ਟਰੀ ਪੰਚਾਇਤ 'ਚ ਘਸੀਟ ਲੈਣਗੇ। ਲਿਹਾਜਾ ਉਸ ਨੇ ਸਰਬਜੀਤ ਨੂੰ ਇੰਜ ਮੁਕਾਉਣ ਦਾ ਰਾਹ ਲੱਭ ਲਿਆ। ਸਰਬਜੀਤ ਦੀ ਭੈਣ ਦਾ ਵੀ ਇਹੋ ਇਲਜ਼ਾਮ ਹੈ ਕਿ ਸਰਬਜੀਤ 'ਤੇ ਉਸ ਦੀ ਕੋਠੜੀ 'ਚ ਜਾ ਕੇ ਹਮਲਾ ਕੀਤਾ ਗਿਆ ਹੈ। ਇਸ ਹਮਲੇ ਲਈ ਪਾਕਿ ਸਰਕਾਰ ਘ੍ਰਿਣਾ ਦੀ ਪਾਤਰ ਹੈ ਪਰ ਦੋਸ਼ ਮੁਕਤ ਭਾਰਤ ਸਰਕਾਰ ਵੀ ਨਹੀਂ ਹੈ, ਜਿਸਨੇ ਸੂਚਨਾਵਾਂ ਅਤੇ ਅਪੀਲਾਂ ਨੂੰ ਦਰਕਿਨਾਰ ਕਰ ਕੇ ਢਿੱਲਮੱਠ ਵਾਲਾ ਰਵੱਈਆ ਅਖਤਿਆਰ ਕਰੀ ਰੱਖਿਆ। ਸਰਬਜੀਤ ਦੀ ਮੌਤ ਮਾਨਵਤਾ ਦੀ ਮੌਤ ਹੈ, 23 ਸਾਲ ਪਲ-ਪਲ ਮਾਰ ਕੇ ਸਰਬਜੀਤ ਨੂੰ ਮਾਰਨਾ ਇਨਸਾਫ਼ ਨੂੰ ਸਲੀਬ 'ਤੇ ਟੰਗਣਾ ਹੈ। ਕਾਤਲਾਂ ਦੇ ਨਾਲ-ਨਾਲ ਉਹ ਨਕਾਰਾ ਤੰਤਰ ਵੀ ਦੋਸ਼ੀ ਹੈ ਜੋ ਜਨਗਣਨਾ ਵਾਲੇ ਖਾਨੇ 'ਚ ਤਾਂ ਇਨਸਾਨ ਨੂੰ ਆਪਣਾ ਲਿਖਦਾ ਹੈ ਪਰ ਜਦੋਂ ਉਸ ਦੇ ਬਾਸ਼ਿੰਦੇ 'ਤੇ ਸਰਹੱਦ ਪਾਰ ਭੀੜ ਪੈਂਦੀ ਹੈ ਤਾਂ ਉਸ ਵੇਲੇ ਉਹ ਬੇਵਫ਼ਾ ਹੋ ਕੇ ਕੰਡ ਦੇ ਜਾਂਦਾ ਹੈ। ਸਾਡੀ ਸਰਕਾਰ ਨੂੰ ਹੁਣ ਹੀ ਸਬਕ ਲੈ ਲੈਣਾ ਚਾਹੀਦਾ ਹੈ ਅਤੇ ਇਸ ਤੋਂ ਪਹਿਲਾਂ ਕਿ ਸਿਸਟਮ ਕਿਸੇ ਹੋਰ ਸਰਬਜੀਤ ਦਾ ਦੋਸ਼ੀ ਬਣ ਜਾਵੇ, ਸਰਕਾਰ ਨੂੰ ਅਜਿਹੇ ਕਦਮ ਚੁੱਕਣੇ ਚਾਹੀਦੇ ਹਨ, ਜਿਨ੍ਹਾਂ ਬਦੌਲਤ ਪਾਕਿ ਦੀਆਂ ਜੇਲ੍ਹਾਂ 'ਚ ਬੰਦ ਸੈਂਕੜੇ ਸਰਬਜੀਤ ਮੌਤ ਤੇ ਮੂੰਹ 'ਚੋਂ ਨਿਕਲ ਕੇ ਆਪਣੇ ਪਰਿਵਾਰਾਂ ਵਿੱਚ ਆ ਸਕਣ।

# ਡਾ.ਅੰਬੇਦਕਰ ਤੇ ਬਾਬੂ ਕਾਂਸ਼ੀ ਰਾਮ ਜੀ ਦੇ ਬੁੱਤ ਲੋਕ ਅਰਪਣ

## ਦਲਿਤ ਤੇ ਪੱਛੜੇ ਸਮਾਜ ਦੀ ਤਰੱਕੀ ਉਨਾ ਚਿਰ ਸੰਭਵ ਨਹੀਂ ਜਿੰਨਾ ਚਿਰ ਬਸਪਾ ਦਾ ਰਾਜ ਨਹੀਂ - ਜੰਡਾਲੀ

ਫਗਵਾੜਾ (ਬੀ. ਕੇ. ਰੱਤੂ) ਭਾਰਤੀ ਸੰਵਿਧਾਨ ਦੇ ਨਿਰਮਾਤਾ, ਸਮੁੱਚੀ ਮਨੁੱਖਤਾ ਦੇ ਮਸੀਹਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 122 ਵੇਂ ਜਨਮ ਦਿਹਾੜੇ ਨੂੰ ਸਮਰਪਿਤ ਅਤੇ ਨਵੀਂ ਉਸਾਰੀ ਲਈ ਡਾ. ਅੰਬੇਡਕਰ ਪਾਰਕ ਵਿਖੇ ਲਗਾਏ ਗਏ ਬਾਬਾ ਸਾਹਿਬ ਡਾ. ਅੰਬੇਡਕਰ ਜੀ ਤੇ ਬਾਬੂ ਕਾਂਸ਼ੀ ਰਾਮ ਜੀ ਦੇ ਬੁੱਤਾਂ ਨੂੰ ਲੋਕ ਅਰਪਣ ਕਰਨ ਲਈ ਵਿਸ਼ਾਲ ਸਮਾਗਮ ਡਾ. ਬੀ. ਆਰ. ਅੰਬੇਡਕਰ ਵੈਲਫ਼ੇਅਰ ਸੁਸਾਇਟੀ ਨਕੋਦਰ ਰੋਡ ਹਦੀਆਬਾਦ ਵਲੋਂ ਪ੍ਰਧਾਨ ਰਮੇਸ਼ ਕੌਲ ਦੀ ਪ੍ਰਧਾਨਗੀ ਹੇਠ ਵਾਰਡ ਨੰਬਰ 11 ਵਿਖੇ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਭਾਂਤੇ ਜਗਤਾਨੰਦ ਬੋਧ ਚੰਦਰ ਕੀਰਤੀ ਬੋਧ ਤੇ ਸੰਤ ਕ੍ਰਿਸ਼ਨ ਨਾਥ ਚਿਹੇੜੂ ਸ਼ਾਮਿਲ ਹੋਏ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਬਸਪਾ ਪੰਜਾਬ ਦੇ ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ, ਬਸਪਾ ਪੰਜਾਬ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਐਮ.ਪੀ. ਡਾ. ਮੋਹਣ ਸਿੰਘ ਫ਼ਲੀਆਂਵਾਲਾ ਸ਼ਾਮਿਲ ਹੋਏ। ਇਸ ਮੌਕੇ ਤੇ ਆਏ ਹੋਏ ਮਹਿਮਾਨਾਂ, ਭਾਂਤੇ ਸਾਹਿਬਾਨਾਂ ਅਤੇ ਸੁਸਾਇਟੀ ਦੇ ਆਗੂਆਂ ਨੇ ਡਾ. ਅੰ-ਬੇਡਕਰ ਤੇ ਬਾਬੂ ਕਾਂਸ਼ੀ ਰਾਮ ਦੇ ਬੁੱਤਾਂ ਤੇ ਫੁੱਲ ਮਲਾਵਾਂ ਭੇਂਟ ਕਰਕੇ ਲੋਕ ਅਰਪਣ ਕੀਤਾ। ਇਸ ਮੌਕੇ ਬਸਪਾ ਪੰਜਾਬ ਦੇ ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਆਪਣੀ ਸਾਰੀ ਜ਼ਿੰਦਗੀ ਦਲਿਤ ਤੇ ਪਛੜੇ ਸਮਾਜ ਜੀਵਨ ਪੱਧਰ ਉੱਚਾ ਚੁੱਕਣ ਲਈ ਲਗਾ ਦਿੱਤੀ ਅਤੇ ਦੇਸ਼ ਦੇ ਹਰ ਨਾਗਰਿਕ ਨੂੰ ਕਾਨੂੰਨੀ ਹੱਕ ਦੁਆ ਕੇ ਪੂਰਨ ਆਜ਼ਾਦੀ ਦੁਆਈ। ਜੰਡਾਲੀ ਨੇ ਕਿਹਾ ਕਿ ਬਾਬੂ ਕਾਂਸ਼ੀ ਰਾਮ ਨੇ ਡੀ.ਐਸ.ਫੋਰ., ਬਾਮਸੇਫ ਅਤੇ ਬਸਪਾ ਦੀ ਸਥਾਪਨਾ ਕਰਕੇ ਡਾ. ਅੰਬੇਡਕਰ ਜੀ ਦੇ ਮਿਸ਼ਨ ਨੂੰ ਦੇਸ਼ ਦੇ ਕੋਨੇ ਕੋਨੇ ਵਿੱਚ ਪਹੁੰਚਾਇਆ। ਉਨ੍ਹਾਂ ਕਿਹਾ ਕਿ ਦਲਿਤ ਅਤੇ ਪਛੜੇ ਸਮਾਜ ਦੀ ਤਰੱਕੀ ਉਨਾ ਚਿਰ ਨਹੀਂ ਹੋ ਸਕਦੀ ਜਿੰਨਾ ਚਿਰ ਬਸਪਾ ਦੀ ਸਰਕਾਰ ਨਹੀਂ ਬਣਦੀ। ਉਨ੍ਹਾਂ ਰਮੇਸ਼ ਕੌਲ ਵਲੋਂ ਆਪਣੇ ਵਾਰਡ 'ਚ ਡਾ. ਅੰਬੇਡਕਰ ਪਾਰਕ ਬਣਾਉਣ ਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਡਾ. ਮੋਹਣ ਸਿੰਘ ਫਲੀਆਂਵਾਲਾ ਨੇ ਬਾਬਾ ਸਾਹਿਬ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਕਿਹਾ ਕਿ ਜਿਸ ਦਿਨ ਤੇ ਪਛੜੇ ਸਮਾਜ ਦੇ 50 ਪ੍ਰਤੀਸ਼ਤ ਲੋਕ ਬਾਬਾ ਸਾਹਿਬ ਡਾ. ਅੰਬੇਡਕਰ ਤੇ ਕਾਂਸ਼ੀ ਰਾਮ ਜੀ ਦੀ ਸੋਚ ਤੇ ਚੱਲਣ ਲੱਗ ਪਏ ਉਸ ਦਿਨ ਦਿੱਲੀ ਦੇ ਲਾਲ ਕਿਲੇ ਤੇ ਬਹੁਜਨ ਸਮਾਜ ਦਾ ਪ੍ਰਧਾਨ ਮੰਤਰੀ ਤਿੰਰਗਾ ਲਹਿਰਾਏਗਾ। ਇਸ ਮੌਕੇ ਸੁਸਾਇਟੀ ਪ੍ਰਧਾਨ ਰਮੇਸ਼ ਕੌਲ ਨੇ ਆਪਣੇ ਸੰਬੋਧਨ 'ਚ ਬਾਬਾ ਸਾਹਿਬ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਕਿਹਾ ਕਿ ਸਮੁੱਚੇ ਬਹੁਜਨ ਸਮਾਜ ਨੂੰ ਬਾਬਾ ਸਾਹਿਬ ਤੇ ਕਾਂਸ਼ੀ ਰਾਮ ਜੀ ਦੀ ਵਿਚਾਰਧਾਰਾ ਨਾਲ ਜੁੜ ਕੇ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਦੇ ਰਹਿਬਰਾਂ ਵਲੋਂ ਚਲਾਈ ਲਹਿਰ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਕੌਲ ਨੇ ਆਏ ਹੋਏ ਮਹਿਮਾਨਾਂ ਅਤੇ ਇਸ ਪਾਰਕ ਨੂੰ ਨੇਪਰੇ ਚਾੜ੍ਹਨ 'ਚ ਦਿੱਤੇ ਸਹਿਯੋਗ ਲਈ ਮੁਹੱਲਾ ਨਿਵਾਸੀਆਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ। ਇਸ ਮੌਕੇ ਮਿਸ਼ਨਰੀ ਕਲਾਕਾਰ ਸਤੀਸ਼ ਮਹਿਮੀ ਨੇ ਮਿਸ਼ਨਰੀ ਰਚਨਾਵਾਂ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿੱਚ ਬਸਪਾ ਪੰਜਾਬ ਦੇ ਜਨਰਲ ਸਕੱਤਰ ਜਰਨੈਲ ਨੰਗਲ, ਮਾਸਟਰ ਹਰਭਜਨ ਬਲਾਲੋਂ, ਲੇਖਰਾਜ ਜਮਾਲਪੁਰ, ਸੁਰਿੰਦਰ ਢੰਡਾ ਪ੍ਰਧਾਨ ਅੰਬੇਡਕਰ ਸੈਨਾ ਪੰਜਾਬ, ਹਰਭਜਨ ਸੁਮਨ, ਚਰਨਦਾਸ ਜੱਸਲ, ਤੇਜਪਾਲ ਬੱਤਰਾ, ਕਾਲਾ ਪ੍ਰਭਾਕਰ, ਅਸ਼ੋਕ ਕੁਲਥਮ, ਅਮਰਜੀਤ ਕੌਲ, ਤਰਸੇਮ ਚੁੰਬਰ, ਸਰਪੰਚ ਡਾ. ਸੁਖਦੇਵ ਚੌਂਕੜੀਆ, ਮਾ. ਚਰਨਜੀਤ ਝੱਲੀ, ਦੇਸ ਰਾਜ ਸੁੰਨੜਾ, ਪੁਸ਼ਪਿੰਦਰ ਸੰਧੂ, ਬਿਹਾਰੀ ਲਾਲ ਮਾਹੀ, ਸਵਰੇਸ਼ ਕੁਮਾਰ ਸੋਨੂੰ, ਰੋਹਿਤ ਕੌਲ, ਪਰਮਿੰਦਰ ਬੋਧ, ਪ੍ਰਮਜੀਤ ਖਲਵਾੜਾ, ਚੰਦਰੇਸ਼ ਕੌਲ, ਐਡਵੋਕੇਟ ਵਿਜੈ ਬੱਧਣ, ਐਡਵੋਕੇਟ ਭਾਟੀਆ, ਸ਼੍ਰਮਤੀ ਰਚਨਾ ਦੇਵੀ, ਦੇਸਰਾਜ ਝੱਲੀ, ਸੋਨੂੰ ਭੁੱਲਾਰਾਈ, ਬੇਅੰਤ ਰਾਏ ਬਾਵਾ, ਚਰਨਜੀਤ ਬਿੱਲਾ, ਅਨੂ ਸਹੋਤਾ, ਗੁਰਮੁੱਖ ਚਾਨਾ, ਓ.ਪੀ. ਚੌਧਰੀ, ਡਾ. ਜਗਦੀਸ਼ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕਾ ਨਿਵਾਸੀ ਹਾਜ਼ਰ ਸਨ। ਸੁਸਾਇਟੀ ਵਲੋਂ ਆਏ ਹੋਏ ਮਹਿਮਾਨਾਂ ਤੇ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।



ਅੰਬੇਡਕਰ ਪਾਰਕ ਹਦੀਆਬਾਦ ਵਿਖੇ ਲਗਾਏ ਗਏ ਡਾ.ਅੰਬੇਡਕਰ ਤੇ ਕਾਂਸ਼ੀ ਰਾਮ ਦੇ ਬੁੱਤ ਤੇ ਫੁੱਲ ਮਲਾਵਾਂ ਭੇਂਟ ਕਰਦੇ ਹੋਏ ਪ੍ਰਕਾਸ਼ ਸਿੰਘ ਜੰਡਾਲੀ ਰਮੇਸ਼ ਕੌਲ, ਡਾ. ਮੋਹਣ ਸਿੰਘ ਤੇ ਹੋਰ।

# ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਚਾਪਲੂਸਾਂ ਕੋਲੋਂ ਬਿਆਨਬਾਜ਼ੀ ਕਰਵਾਉਣ ਦੀ ਬਜਾਏ ਆਪ ਲੋਕਾਂ ਦਾ ਸਾਹਮਣਾ ਕਰਨ-ਜਰਨੈਲ ਨੰਗਲ

## ਮੇਰੇ ਨਾਲ ਬਹਿਸ ਕਰਨ ਤੋਂ ਪਹਿਲਾਂ ਚਾਪਲੂਸ ਆਗੂ ਵਿਧਾਨ ਸਭਾ ਦੀ ਚੋਣ ਲੜਕੇ ਦਿਖਾਵੇ

ਫਗਵਾੜਾ (ਬੀ. ਕੇ. ਰੱਤੂ) ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਜਰਨੈਲ ਨੰਗਲ ਵਲੋਂ ਭਾਜਪਾ ਵਿਧਾਇਕ ਸ੍ਰੀ ਸੋਮ ਪ੍ਰਕਾਸ਼ ਨੂੰ ਵਿਕਾਸ ਦੇ ਮੁੱਦੇ ਤੇ ਖੁੱਲੀ ਬਹਿਸ ਦੀ ਚੁਣੌਤੀ ਤੋਂ ਬਾਅਦ ਭਾਜਪਾ ਦੇ ਇੱਕ ਆਗੂ ਵਲੋਂ ਬਹਿਸ ਦੀ ਚੁਣੌਤੀ ਨੂੰ ਸਵੀਕਾਰ ਕਰਨ ਤੇ ਦਿੱਤੇ ਬਿਆਨ ਤੇ ਜਰਨੈਲ ਨੰਗਲ ਨੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਆਪਣੇ ਚਾਪਲੂਸਾਂ ਕੋਲੋਂ ਬਿਆਨਬਾਜ਼ੀ ਕਰਵਾਉਣ ਦੀ ਬਜਾਏ ਆਪ ਲੋਕਾਂ ਦਾ ਸਾਹਮਣਾ ਕਰਨ ਅਤੇ ਲੋਕਾਂ ਉੱਤੇ ਹੋ ਰਹੇ ਸਰਕਾਰੀ ਜ਼ਬਰ ਦਾ ਜਵਾਬ ਦੇਣ। ਉਨ੍ਹਾਂ ਕਿਹਾ ਕਿ ਬਿਆਨ ਜਾਰੀ ਕਰਨ ਵਾਲਾ ਭਾਜਪਾ ਨੇਤਾ ਮੈਨੂੰ ਇਹ ਗੱਲ ਕਹਿ ਰਿਹਾ ਹੈ ਕਿ ਨੰਗਲ ਵਿਧਾਇਕ ਨਾਲ ਬਹਿਸ ਕਰਨ ਤੋਂ ਪਹਿਲਾਂ ਵਿਧਾਇਕ ਬਣਕੇ ਦਿਖਾਉਣ ਤਾਂ ਮੈਂ ਉਸ ਆਗੂ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਨਾਲ ਬਹਿਸ ਕਰਨ ਤੋਂ ਪਹਿਲਾਂ ਉਕਤ ਆਗੂ ਵਿਧਾਨ ਸਭਾ ਦੀ ਚੋਣ ਲੜਕੇ ਦਿਖਾਵੇ ਫਿਰ ਮੇਰੇ ਨਾਲ ਗੱਲ ਕਰੇ। ਉਨ੍ਹਾਂ ਕਿਹਾ ਕਿ ਜਦ ਵਿਧਾਨ ਸਭਾ ਚੋਣਾਂ ਸਨ ਉਸ ਵਕਤ ਉਕਤ ਆਗੂ ਨੂੰ ਨਹੀਂ, ਲੋਕਾਂ ਨੇ ਸ਼੍ਰੀ ਸੋਮ ਪ੍ਰਕਾਸ਼ ਨੂੰ ਵੋਟਾਂ ਪਾਈਆਂ ਸਨ। ਉਕਤ ਆਗੂ ਦਾ ਆਪਣੇ ਵਾਰਡ ਵਿਚੋਂ ਐੱਮ. ਸੀ. ਚੋਣ ਵੀ ਹਾਰ ਗਿਆ ਸੀ। ਇਸ ਲਈ ਸ਼੍ਰੀ ਸੋਮ ਪ੍ਰਕਾਸ਼ ਜੀ ਤੋਂ ਲੋਕ ਜਵਾਬ ਮੰਗ ਸਕਦੇ ਹਨ ਅਤੇ ਸੋਮ ਪ੍ਰਕਾਸ਼ ਲੋਕਾਂ ਦੇ ਜਵਾਬ ਦੇਹ ਹਨ। ਅਤੇ ਮੈਂ ਫਗਵਾੜਾ ਅੰਦਰ ਵਿਧਾਨ ਸਭਾ ਇਲੈਕਸ਼ਨ ਲੜ ਚੁੱਕਾ ਹਾਂ ਤੇ ਫਗਵਾੜਾ ਦੇ ਲੋਕਾਂ ਦੀ ਨੁਮਾਇੰਦਗੀ ਕਰ ਰਿਹਾ ਹਾਂ ਕਿਸੇ ਦੀ ਚਾਪਲੂਸੀ ਨਹੀਂ।ਮੈਂ ਲੋਕਾਂ ਦੀਆਂ ਮੁਸ਼ਕਿਲਾਂ, ਮੁਸੀਬਤਾਂ ਅਤੇ ਲੋਕਾਂ ਉੱਪਰ ਹੋ ਰਹੇ ਸਰਕਾਰੀ ਜ਼ਬਰ ਦੇ ਖਿਲਾਫ ਬਹੁਜਨ ਸਮਾਜ ਪਾਰਟੀ ਵਲੋਂ ਲਗਾਤਾਰ ਸੰਘਰਸ਼ ਕਰਦਾ ਰਹਾਂਗਾ ਅਗਰ ਅਕਾਲੀ ਭਾਜਪਾ ਇਹ ਸਮਝਦੀ ਹੈ ਕਿ ਇਸ ਤਰ੍ਹਾਂ ਲੋਕਾਂ ਦੇ ਸਵਾਲਾਂ ਤੋਂ ਬਚਿਆ ਜਾ ਸਕਦਾ ਹੈ ਜਾਂ ਲੋਕਾਂ ਦੀ ਅਵਾਜ਼ ਨੂੰ ਦਬਾਇਆ ਜਾ ਸਕਦਾ ਹੈ। ਹੁਣ ਉਹ ਇਹ ਸੁਪਨਾ ਲੈਣਾ ਛੱਡ ਦੇਣ, ਬਹੁਜਨ ਸਮਾਜ ਪਾਰਟੀ ਲੋਕਾਂ ਦੀ ਅਵਾਜ਼ ਹੈ ਅਤੇ ਇਸਨੂੰ ਦਬਾਉਣਾ ਅਸੰਭਵ ਹੈ।

Family Cuts & Style
Salon
Professional Hair, Nails, Facial, Waxing, Perm & Make-Up
MEN WOMEN CHILDREN

Hien Tran
(916) 722-3663

# ਸੁੱਚੀ ਲਗਨ



ਰੁੱਸ ਕੇ ਜਾਣ ਲੱਗਿਆਂ
ਅੱਖਾਂ ਕਿਉਂ ਭਰੀਆਂ
ਕਿਉਂ ਦਿੱਤਾ
ਮੋਹ ਦੇ ਬੀਜਾਂ ਨੂੰ ਪਾਣੀ
ਬੀਜ ਫੁੱਟ ਕੇ
ਬਿਰਖ ਬਣਨ ਦਾ
ਡਰ ਰਹੇਗਾ ਤੈਨੂੰ
ਬੁਰਾ ਭਲਾ ਬੋਲ ਕੇ
ਤੁਰ ਜਾਣਾ ਸੀ
ਕਾਹਨੂੰ ਦੇਖਣਾ ਸੀ ਮੁੜ-ਮੁੜਕੇ ਪਿੱਛੇ
ਅਲਸਾਈ ਅੱਖ
ਨਜ਼ਰ ਦਾ ਤਰਲਾ
ਹੋਰ ਪੀਚਦਾ ਏ
ਸਬੰਧ ਦੀਆਂ ਗੰਢਾਂ
ਮੈਨੂੰ ਪਤੈ
ਇਹ ਤੇਰਾ ਕਸੂਰ ਨਹੀਂ
ਅੱਖਾਂ ਭਰਨੀਆਂ
ਮੁੜ ਮੁੜਕੇ ਦੇਖਣਾ
ਅਲਸਾਈਆਂ ਅੱਖਾਂ
ਨਜ਼ਰ ਦਾ ਤਰਲਾ
ਸੱਚੇ ਬੰਧਨ ਦੀ ਨਿਸ਼ਾਨੀ ਏ
ਰੁੱਸ ਕੇ ਜਾਣ ਲੱਗਿਆਂ
ਸੁੱਚੀ ਲਗਨ ਦੀ ਅੱਖ
ਭਰ ਹੀ ਆਉਂਦੀ ਹੈ.......

# ਅਸਲ ਧਰਮ

ਚੁੱਕ ਦਿਓ
ਘਰ ਦੇ ਮੰਦਰ ਵਿੱਚੋਂ
ਆਸਥਾ ਦੇ ਦਰਬਾਰ ਵਿੱਚੋਂ
ਪੂਜਾ ਦੀ ਪਵਿੱਤਰ ਥਾਂ ਤੋਂ
ਜਟਾਂ ਚੋਂ ਵਗਦੀ ਗੰਗਾ ਵਾਲੀ
ਭੋਲੇ ਸ਼ਿਵ ਦੀ ਫੋਟੋ
ਜੋਤ ਦੇ ਅੱਗਿਓਂ
ਚੁੱਕ ਦਿਓ
ਰਾਮ ਲਛਮਣ ਸੀਤਾ ਦੀ ਮੂਰਤੀ
ਹਟਾ ਦਿਓ
ਬੰਸਰੀ ਬਾਦਕ
ਇੱਕਤਾਰਾ ਬਜਾਉਂਦੀ ਮੀਰਾ ਨੂੰ
ਰੱਖ ਦਿਓ ਹੋਰ ਕਿਤੇ
ਗੁਰੂ ਨਨਾਕ ਦੀ ਤਸਵੀਰ ਤੇ
ਲੋੜ ਨਹੀਂ ਚੌਰ ਕਰਨ ਦੀ
ਸਮੇਤ ਪਹਾੜੀ ਪਵਨ ਪੁੱਤਰ
ਰੱਖ ਦਿਓ ਔਹ ਆਲ਼ੇ ਵਿੱਚ
ਸ਼ੇਰਾਂ ਵਾਲੀ ਦੀ ਤਸਵੀਰ
ਰੱਖ ਦਿਓ ਸੰਦੂਕ ਦੇ ਖੂੰਝੇ
ਮੋਰ ਦੇ ਜਟਾਂਧਾਰੀ ਅਸਵਾਰ ਨੂੰ
ਕਰ ਦਿਓ ਪਾਸੇ
ਗੁਰੂ ਗੋਬਿੰਦ ਸਿੰਘ ਦਾ
ਗੋਲ ਕਰ ਕੇ ਪੋਸਟਰ
ਪਾ ਕੇ ਰਬੜਬੈਂਡ
ਰੱਖ ਦਿਓ ਪੜਛੱਤੀ ਤੇ
ਅਗਰਬੱਤੀਆਂ ਦੇ ਅੱਗੋਂ
ਚੁੱਕ ਦਿਓ
ਪੀਰ
ਦੇਵੀਆਂ
ਦੇਵਤੇ
ਗੁਰੂ
ਫਕੀਰ
ਜੋ ਬਣੇ ਬੈਠੇ ਭਗਵਾਨ
ਆ ਲਿਆਂਦੀ ਮੈਂ
ਨਵੀਂ ਚਮਕਦੀ ਤਸਵੀਰ
ਬੜੀ ਮੁਸ਼ਕਲ ਮਿਲੀ ਹੈ
ਬੜੀ ਔਖੀ ਲੱਭੀ ਹੈ
ਦੇ ਕੇ ਸੁੱਚੇ ਪਾਣੀ ਦਾ ਛਿੱਟਾ
ਟੇਕ ਕੇ ਮੱਥਾ
ਰੱਖ ਦਿਓ
ਕੁਰਸੀ ਦੀ ਫੋਟੋ
ਵੱਡੀ ਢੋਅ ਵਾਲੀ ਕੁਰਸੀ
ਚਮਕਦੀ ਕੁਰਸੀ
ਮੇਰੀ ਜਾਨ
ਮੇਰੀ ਰੂਹ
ਹਾਏ ਕਿੰਨੀ ਸੁਹਣੀ ਕੁਰਸੀ
ਹੁਣ..........
ਧੂਫ ਜਲਾਓ
ਜੋਤ ਜਗਾਓ
ਚੌਰ ਝੁਲਾਓ
ਲਾ ਕੇ ਅਗਰਬੱਤੀਆਂ ਦੀ ਮੁੱਠ
ਸੰਖ ਬਜਾਓ
ਟੱਲ ਖੜਕਾਓ
ਅਗਲੇ ਮਹੀਨੇ ਵੋਟਾਂ ਨੇ...

– ਅਮਰੀਕ ਹਮਰਾਜ਼

# ਰੇਸ਼ਮ ਕਰਨਾਣਵੀ ਦੀਆਂ ਰਚਨਾਵਾਂ



## ਬਿੰਦੂ ਦਾਇਰੇ

ਬਾਬਾ ਪੋਤਾ ਛਾਵੇਂ ਬੈਠੇ,
ਕੋਲ ਬੋਹੜ ਦੇ
ਉੱਗੀ ਨਿੰਮ।
ਮਿੱਲ ਨੂੰ ਭੇਜ ਕੇ ਗੰਨਾ,
ਰੇਹੜੀ ਉਤੇ ਕਿਸਾਨ,
ਮੁੱਲ ਦੀ ਪੀਵੇ ਰਸ।

ਢੇਰਾਂ ਤੋਂ ਚੁੱਕ ਕੇ ਨਾਪੀ,
ਸੱਥ ਵਿਚ ਖਿਲਾਰਨ ਕੁੱਤੇ,
ਮਾਡਰਨ ਜ਼ਮਾਨਾ।

## ਨਿਘਾਰ

ਡੈਡੀ ਜੀ! ਤੁਸੀਂ
ਬਜ਼ਾਰ ਦੇ ਕੰਮ ਨਬੇੜ,
ਦੋ ਘੰਟੇ ਤੱਕ
ਵਾਪਸ ਆ ਜਾਇਓ!
ਏਨਾ ਕਹਿ ਕੇ
ਅੰਮ੍ਰਿਤਧਾਰੀ ਬਾਪ ਦੇ
ਸਕੂਟਰ ਤੋਂ ਉਤਰ ਕੇ
ਕੁੜੀ
ਬਿਊਟੀ ਪਾਰਲਰ ਦੀਆਂ
ਪੌੜੀਆਂ ਚੜ੍ਹ ਗਈ।

## .ਗਜ਼ਲ

ਸਕਦੀ ਨਾ ਫਾਂਸੀ ਲੱਗ ਬੀਬਾ।
ਸੱਜਣ ਦੇ, ਸੱਜਣ ਲੱਗ ਬੀਬਾ।
ਇੱਥੇ ਮਾਰਨ ਵਾਲਾ 'ਮੋਮਨ' ਹੈ,
ਤੇ 'ਕਾਫ਼ਰ' ਸਾਰਾ ਜੱਗ ਬੀਬਾ।
ਸਾੜੇ ਜਿਨ੍ਹਾਂ ਦੇ ਲਾ ਕੇ ਅੱਗ ਬੀਬਾ
ਉਹ ਗਏ ਬਰਫ ਵਿਚ
ਲੱਗ ਬੀਬਾ।
ਔਹ ਸਿਰ ਤੇ ਸਜ ਗਈ
ਟੋਪੀ ਹੈ
ਤੇ ਪੈਰਾਂ ਦੇ ਵਿਚ ਪੱਗ ਬੀਬਾ।
ਉਹ ਥੋਡੇ ਘਰ ਹੀ ਲਾਗਿਆ ਹੈ,
ਜੋ ਦਿੱਤੀ ਗੁਆਂਢ ਨੂੰ ਅੱਗ ਬੀਬਾ।
ਇਨਸਾਫ ਯਾਰ ਹੈ ਜੁੱਤੀ ਦਾ,
ਜੇ ਥਾਂ ਸਿਰ ਜਾਵੇ ਲੱਗ ਬੀਬਾ।
ਇਹ ਆਸ ਰੱਖੇ ਇਨਸਾਫ ਦੀ ਪਰ,
ਨਈ੍ਹਂ 'ਕੱਠਾ ਚਰਦਾ ਵੱਗ' ਬੀਬਾ।
ਧੁਨ ਮਾਤਮੀ ਆਈ ਗੁਆਂਢ 'ਚੋਂ ਵੀ,
ਤੇ ਘਰ ਵੀ ਕਿਹੜੀ ਅਲੱਗ ਬੀਬਾ।
ਤੁਸੀਂ ਚੋਣ ਜਲਸਿਆਂ ਵਿਚ 'ਕੱਠੇ,
ਕਿਉਂ ਡੱਬਿਆਂ ਵਿਚ ਅਲੱਗ ਬੀਬਾ।

# ਸਭਾ ਵਲੋਂ ਚੇਅਰਮੈਨ ਮੱਲਹਣ ਨੂੰ ਅਮਰੀਕਾ ਜਾਣ ਦੀ ਖ਼ੁਸ਼ੀ 'ਚ ਕੀਤਾ ਸਨਮਾਨਿਤ

## ਜਿਸ ਬੂਟੇ ਨੂੰ ਪਾਣੀ ਦੇ ਕੇ ਵੱਡਾ ਕੀਤਾ ਹੈ ਉਸ ਨਾਲ ਮੈਂ ਹਮੇਸ਼ਾਂ ਜੁੜਿਆ ਰਹਾਂਗਾ - ਮੱਲਹਣ

ਫਗਵਾੜਾ 6 ਮਈ ( ਬੀ. ਕੇ. ਰੱਤੂ ) ਸਮਾਜ ਸੇਵਾ ਦੇ ਕਾਰਜਾਂ 'ਚ ਅਹਿਮ ਯੋਗਦਾਨ ਪਾ ਰਹੀ ਸਮਾਜ ਸੇਵੀ ਸੰਸਥਾ ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਦੇ ਚੇਅਰਮੈਨ ਸੁਰੇਸ਼ ਮੱਲਹਣ ਪੱਕੇ ਤੌਰ ਤੇ ਅਮਰੀਕਾ ਜਾਣ ਦੀ ਖ਼ੁਸ਼ੀ 'ਚ ਉਨ੍ਹਾਂ ਦੇ ਸਨਮਾਨ 'ਚ ਵਿਦਾਇਗੀ ਪਾਰਟੀ ਤੇ ਸਨਮਾਨ ਸਮਾਰੋਹ ਫਗਵਾੜਾ ਵਿਖੇ ਕਰਵਾਇਆ ਗਿਆ। ਇਸ ਮੌਕੇ ਸਭਾ ਵਲੋਂ ਚੇਅਰਮੈਨ ਸੁਰੇਸ਼ ਮੱਲਹਣ ਨੂੰ ਦੋਸ਼ਾਲਾ ਤੇ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਵਿਸ਼ੇਸ਼ ਤੌਰ ਤੇ ਸਨ-ਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਸਭਾ ਦੇ ਸਰਪ੍ਰਸਤ ਸੱਤਪਾਲ ਲਾਂਬਾ ਅਤੇ ਸਮਾਜ ਸੇਵਕ ਬਲਵੀਰ ਗੋਸਲ ਨੇ ਕਿਹਾ ਕਿ ਸੁਰੇਸ਼ ਮੱਲਹਣ ਨੂੰ ਅਮਰੀਕਾ ਦੀ ਪੀ.ਆਰ. ਮਿਲਣ ਤੇ ਜਿੱਥੇ ਪੂਰੀ ਸਭਾ ਬਹੁਤ ਖ਼ੁਸ਼ ਹੈ ਉੱਥੇ ਹੀ ਉਨ੍ਹਾਂ ਦੇ ਵਿਦੇਸ਼ ਜਾਣ ਨਾਲ ਸਭਾ ਨੂੰ ਉਨ੍ਹਾਂ ਦੀ ਘਾਟ ਹਮੇਸ਼ਾਂ ਹੀ ਮਹਿਸੂਸ ਹੁੰਦੀ ਰਹੇਗੀ। ਉਨ੍ਹਾਂ ਕਿਹਾ ਕਿ ਸਾਨੂੰ ਮੱਲਹਣ ਦੇ ਦੂਰ ਜਾਣ ਦਾ ਦੁੱਖ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਜਿਸ ਤਰ੍ਹਾਂ ਕਿਸੇ ਦਰੱਖ਼ਤ ਨਾਲੋਂ ਕੋਈ ਟਾਹਣੀ ਟੁੱਟ ਕੇ ਮਹਿਸੂਸ ਕਰਦੀ ਹੈ। ਲਾਂਬਾ ਨੇ ਕਿਹਾ ਕਿ ਮੱਲਹਣ ਸਾਡੇ ਲਈ ਇੱਕ ਰੁੱਖ਼ ਦੀ ਤਰ੍ਹਾਂ ਸਨ ਤੇ ਇਨ੍ਹਾਂ ਦੀ ਛਾਂ ਨੂੰ ਸਭਾ ਦੇ ਸਾਰੇ ਅਹੁਦੇਦਾਰ ਤੇ ਮੈਂਬਰ ਮਾਣਦੇ ਆ ਰਹੇ ਹਨ। ਉਨ੍ਹਾਂ ਚੇਅਰਮੈਨ ਮੱਲਹਣ ਨੂੰ ਸ਼ੁੱਭ ਕਾਮਨਾਵਾਂ ਭੇਂਟ ਕਰਦਿਆਂ ਆਸ ਪ੍ਰਗਟਾਈ ਕਿ ਮੱਲਹਣ ਵਿਦੇਸ਼ੀ ਧਰਤੀ ਤੇ ਰਹਿ ਕੇ ਵੀ ਸਭਾ ਦੀ ਸੇਵਾ ਉਸੇ ਤਰ੍ਹਾਂ ਹੀ ਕਰਦੇ ਰਹਿਣਗੇ ਜਿਸ ਤਰ੍ਹਾਂ ਉਹ ਵੀਹ ਸਾਲਾਂ ਤੋਂ ਕਰਦੇ ਆ ਰਹੇ ਹਨ। ਇਸ ਮੌਕੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਮੱਲਹਣ ਇੱਕ ਅਜਿਹੇ ਇਨਸਾਨ ਹਨ ਜਿੰਨਾ ਦੀ ਜਿੰਨੀ ਵੀ ਸਿਫ਼ਤ ਕੀਤੀ ਜਾਵੇ ਉਨੀ ਹੀ ਥੋੜ੍ਹੀ ਹੈ। ਉਨ੍ਹਾਂ ਕਿਹਾ ਕਿ ਸਭਾ ਅੱਜ ਜਿਸ ਉਚਾਈਆਂ ਦੇ ਸ਼ਿਖ਼ਰ ਤੇ ਪਹੁੰਚੀ ਹੈ ਉਸ ਵਿੱਚ ਮੱਲਹਣ ਦੀ ਦੇਣ ਬਹੁਤ ਵੱਡੀ ਹੈ। ਸਭਾ ਦੇ ਪ੍ਰਧਾਨ ਨੇ ਉਨ੍ਹਾਂ ਨੂੰ ਸ਼ੁੱਭ ਕਾਮਨਾਵਾਂ ਭੇਂਟ ਕਰਦਿਆਂ ਕਿਹਾ ਸਾਡੇ ਭਰਾ ਨੂੰ ਪ੍ਰਮਾਤਮਾ ਖ਼ੂਬ ਤਰੱਕੀ ਬਖ਼ਸ਼ੇ ਤੇ ਉਹ ਵਿਦੇਸ਼ ਵਿੱਚ ਰਹਿ ਕੇ ਵੀ ਦੀਨ ਦੁਖੀਆਂ ਦੀ ਸੇਵਾ ਕਰਦੇ ਰਹਿਣ। ਇਸ ਮੌਕੇ ਚੇਅਰਮੈਨ ਸੁਰੇਸ਼ ਮੱਲਹਣ ਨੇ ਆਪਣੇ ਸੰਬੋਧਨ 'ਚ ਸਭਾ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਸਭਾ ਦੇ ਸਾਰੇ ਮੈਂਬਰ ਇੱਕ ਪਰਿਵਾਰ ਦਾ ਹਿੱਸਾ ਹਾਂ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਜਿੱਥੇ ਸਮਾਜ ਦੀ ਸੇਵਾ ਕਰਦੇ ਹਾਂ ਉੱਥੇ ਹੀ ਇੱਕ ਦੂਸਰੇ ਦੇ ਦੁੱਖ ਸੁੱਖ ਵਿੱਚ ਹਮੇਸ਼ਾਂ ਸਹਾਈ ਹੁੰਦੇ ਰਹੀਏ। ਉਨ੍ਹਾਂ ਕਿਹਾ ਕਿ ਸਭਾ ਦੇ ਇਸ ਬੂਟੇ ਨੂੰ ਪਾਣੀ ਦੇ ਕੇ ਮੈਂ ਅਤੇ ਸਭਾ ਦੀ ਸਮੁੱਚੀ ਟੀਮ ਨੇ ਵੱਡਾ ਕੀਤਾ ਹੈ ਮੈਂ ਇਸ ਬੂਟੇ ਨਾਲੋਂ ਕਦੇ ਵੀ ਟੁੱਟ ਨਹੀਂ ਸਕਦਾ। ਮੱਲਹਣ ਨੇ ਸਮੁੱਚੀ ਟੀਮ ਨੂੰ ਭਰੋਸਾ ਦੁਆਇਆ ਕਿ ਉਹ ਹਮੇਸ਼ਾਂ ਹੀ ਸਭਾ ਦੇ ਨਾਲ ਸਨ ਤੇ ਨਾਲ ਰਹਿਣਗੇ ਅਤੇ ਸਭਾ ਦੀ ਇਸੇ ਤਰ੍ਹਾਂ ਸੇਵਾ ਕਰਦੇ ਰਹਿਣਗੇ। ਉਨ੍ਹਾਂ ਸਭਾ ਦੇ ਸਾਰੇ ਮੈਂਬਰਾਂ ਤੇ ਅਹੁਦੇਦਾਰਾਂ ਨੂੰ ਅਪੀਲ ਕੀਤੀ ਕਿ ਇਸੇ ਤਰ੍ਹਾਂ ਹੀ ਭਾਈਚਾਰਾ ਕਾਇਮ ਰੱਖਦੇ ਹੋਏ ਹਮੇਸ਼ਾਂ ਹੀ ਦੀਨ ਦੁਖੀਆਂ ਦੀ ਸੇਵਾ ਲਈ ਅੱਗੇ ਰਹਿਣਗੇ। ਇਸ ਮੌਕੇ ਉਪ ਚੇਅਰਮੈਨ ਬਿਕਰਮਜੀਤ ਵਾਲੀਆ, ਸੱਤਪਾਲ ਲਾਂਬਾ, ਸਮਾਜ ਸੇਵਕ ਬਲਵੀਰ ਗੋਸਲ, ਐਚ.ਐਸ.ਰਾਜਾ, ਰਮੇਸ਼ ਸਰੋਆ, ਇੰਦਰਜੀਤ ਕਾਲੜਾ, ਡਾ. ਵਿਜੈ ਕੁਮਾਰ, ਪ੍ਰਮਜੀਤ ਰਾਏ, ਡਾ. ਕੁਲਦੀਪ ਸਿੰਘ, ਰਮੇਸ਼ ਅਰੋੜਾ, ਸੋਨੂੰ ਪ੍ਰੀਤਨਗਰ, ਕਰ-ਮਜੀਤ ਸਿੰਘ, ਚਰਨਪ੍ਰੀਤ ਸਿੰਘ, ਨਿਰੰਜਣ ਸਿੰਘ ਬਿਲਖੂ, ਆਰਿਫ਼ ਗੋਬਿੰਦਪੁਰੀ, ਬਲਵਿੰਦਰ ਕੁਮਾਰ ਆਦਿ ਨੇ ਵੀ ਸੁਰੇਸ਼ ਮੱਲਹਣ ਨੂੰ ਸ਼ੁੱਭ ਕਾਮਨਾਵਾਂ ਭੇਂਟ ਕੀਤੀਆਂ।



## 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਵਿਰੋਧ 'ਚ

# ਸਿੱਖ ਜਥੇਬੰਦੀਆਂ ਨੇ ਰੇਲ ਰੋਕ ਕੇ ਕੇਂਦਰ ਸਰਕਾਰ ਖ਼ਿਲਾਫ਼ ਕੀਤੀ ਨਾਅਰੇਬਾਜੀ

ਫਗਵਾੜਾ 7 ਮਈ (ਬੀ ਕੇ ਰੱਤੂ) ਫਗਵਾੜਾ ਇਲਾਕੇ ਦੀਆਂ ਸਮੂਹ ਸਿੱਖ ਜੱਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਦੁਆਰਾ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਸੁਣਾਈ ਗਈ ਫਾਸੀ ਅਤੇ 1984 ਸਿੱਖ ਕਤਲੇਆਮ ਦੇ ਦੋਸ਼ੀ ਸੱਜ਼ਣ ਕੁਮਾਰ ਨੂੰ ਬਰੀ ਕਰਨ ਕਰਨ ਦੇ ਰੋਸ ਵਜੋਂ ਫਗਵਾੜਾ ਵਿਖੇ ਰੇਲ ਰੋਕ ਅੰਦੋਲਨ ਕੀਤਾ ਗਿਆ।ਸਭ ਤੋਂ ਪਹਿਲਾ ਸਮੂਹ ਜੱਥੇਬੰਦੀਆ ਗੁਰਦੁਆਰਾ ਮੁਹੱਲਾ ਪ੍ਰੇਮ ਨਗਰ ਖੇੜਾ ਰੋਡ ਫਗਵਾੜਾ ਵਿਖੇ ਇਕੱਠੀਆ ਹੋਈਆਂ ਜਿੱਥੋ ਕਿ ਉਹ ਰੋਸ ਮਾਰਚ ਕਰਦੀਆਂ ਹੋਈਆਂ ਕੇਂਦਰ ਸਰਕਾਰ ਤੱਕ ਆਪਣੀ ਆਵਾਜ਼ ਪਹੁੰਚਾਉਣ ਲਈ ਰੇਲਵੇ ਸਟੇਸ਼ਨ ਪਹੁੰਚੀਆਂ 'ਤੇ ਸਟੇਸ਼ਨ ਜਾ ਕੇ ਸਿੱਖਾਂ ਦੇ ਵਿਸ਼ਾਲ ਇਕੱਠ ਨੇ ਰੇਲ ਦਾ ਚੱਕਾ ਜਾਮ ਕਰਦੇ ਹੋਏ ਅੰਮ੍ਰਿਤਸਰ ਤੋਂ ਦਿੱਲੀ ਜਾ ਰਹੀ ਸ਼ਾਨ-ਏ-ਪੰਜਾਬ ਅਤੇ ਦਰਭੰਗਾ ਤੋਂ ਅੰਮ੍ਰਿਤਸਰ ਜਾ ਰਹੀ ਜਨਸੇਵਾ ਐਕਸਪ੍ਰੈੱਸ ਗੱਡੀ ਸਟੇਸ਼ਨ ਵਿਖੇ ਰੋਕ ਲਈ 'ਤੇ ਟ੍ਰੇਨਾਂ ਅੱਗੇ ਬੈਠ ਕੇ ਜਿੱਥੇ ਸਤਿਨਾਮ ਵਾਹਿਗੁਰੂ ਦੇ ਜੈਕਾਰੇ ਲਾਏ ਉਥੇ ਹੀ ਉਨਾਂ ਧਰਨਾ ਦਿੱਤਾ।ਧਰਨੇ ਨੂੰ ਸੰਬੋਧਨ ਕਰਦਿਆ ਬੁਲਾਰਿਆ ਨੇ ਕਿਹਾ ਕਿ 1984 ਨਵੰਬਰ ਨੂੰ ਹੋਏ ਸਿੱਖ ਕਤਲੇਆਮ ਦੇ ਕਾਤਿਲਾਂ ਨੂੰ 29 ਸਾਲ ਬਾਅਦ ਵੀ ਸਜ਼ਾ ਨਾ ਦੇ ਕੇ ਹੁਣ ਤੱਕ ਦੀਆਂ ਕੇਂਦਰ ਸਰਕਾਰਾਂ ਨੇ ਸਿੱਖਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਹੋਣ ਦਾ ਅਹਿਸਾਸ ਕਰਵਾ ਕੇ ਦੱਸ ਦਿੱਤਾ ਹੈ ਕਿ ਸਿੱਖਾਂ ਲਈ ਇਸ ਦੇਸ਼ ਵਿੱਚ ਕੋਈ ਇਨਸਾਫ ਨਹੀ ਹੈ।

ਉਹਨਾਂ ਕਿਹਾ ਕਿ ਹਿੰਦੋਸਤਾਨ ਵਿੱਚ ਨਿਰਦੋਸ਼ ਸਿੱਖ ਜਿਨਾਂ ਵਿਰੁੱਧ ਕੋਈ ਸਬੂਤ ਜਾਂ ਚਸ਼ਮਦੀਦ ਗਵਾਹ ਨਹੀ ਹੈ ਉਹਨਾਂ ਨੂੰ ਫਾਸੀ ਦੀ ਸਜ਼ਾ ਸੁਣਾਈ ਜਾਂਦੀ ਹੈ ਜਦਕਿ ਸਿੱਖਾਂ ਦੇ ਕਾਤਿਲ ਸਬੂਤ ਅਤੇ ਚਸ਼ਮਦੀਦ ਗਵਾਹਾਂ ਦੇ ਬਾਵਜ਼ੂਦ ਬਰੀ ਹੋ ਜਾਂਦੇ ਹਨ।

ਸਮੂਹ ਸਿੱਖ ਜੱਥੇਬੰਦੀਆ ਦੇ ਨੁਮਾਇੰਦਿਆ ਨੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆ ਰੇਲਵੇ ਸਟੇਸ਼ਨ ਵਿਖੇ ਸੱਜ਼ਣ ਕੁਮਾਰ, ਜਗਦੀਸ਼ ਟਾਈਟਲਰ ਅਤੇ ਨਿਆਂਪਾਲਿਕਾ ਦਾ ਪੁਤਲਾ ਫੂਕਿਆ। ਉਹਨਾਂ ਚੇਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ ਕਿ ਜੇਕਰ ਸਿੱਖਾਂ ਨੂੰ ਇਨਸਾਫ ਨਾ ਦਿੱਤਾ ਗਿਆਂ ਤਾਂ ਸੰਘਰਸ਼ ਨੂੰ ਹੋਰ ਵੀ ਤੇਜ ਕੀਤਾ ਜਾਵੇਗਾ।



# ਖਿਆਲ



ਨਿਆਣੇ ਹਨ ਜਾਂ ਸਿਆਣੇ ਖਿਆਲ।
ਪਿੱਪਲ ਪੱਟ ਬਣਾਇਆ ਹਾਲ।
ਵਾਂਗ ਸੁਨਾਮੀ ਘੁੰਮਦੇ ਰਹਿੰਦੇ,
ਮੇਰੇ ਜਿਹਨ ਵਿਚ ਸਵਾਲ।
ਕਤਲ ਰੁੱਖਾਂ ਦਾ ਕਰਕੇ ਆਪਾਂ,
ਹੋ ਸਕਦਾ ਹਾਂ ਕਿੰਝ ਖੁਸ਼ਹਾਲ?
ਠੰਡੀ ਛਾਂ ਨਾ ਸ਼ੁੱਧ ਹਵਾ ਏ,
ਕਰ ਲਈ ਸਿਰ ਤੇ ਮੌਤ ਬਹਾਲ।
ਵਿਕਾਸ ਕਾਰਜਾਂ ਦਾ ਨਾਂ ਦੇ ਕੇ,
ਵੈਰ ਪਾ ਲਿਆ ਕੁਦਰਤ ਨਾਲ।
ਕਹੇ ਭਵਿੱਖ ਸ਼ੈਤਾਨ ਨਾ ਸਾਨੂੰ,
'ਕੁਲਦੀਪ' ਅਜੇ ਵੀ ਵਕਤ ਸੰਭਾਲ।

## .ਗਜ਼ਲ

ਰਹਿਣ ਦੇ ਕੋਸ਼ਿਸ਼ ਕਰਨੇ ਨੂੰ,
ਬਹਿਰ ਨਹੀਂ ਸੰਗੀਤ ਨਹੀਂ।
ਤੇਰੇ ਤੋਂ ਗਾਇਆ ਨਹੀਂ ਜਾਣਾ,
ਮੈਂ ਪਹਿਲਾਂ ਵਰਗਾ ਗੀਤ ਨਹੀਂ।
ਮੈਨੂੰ ਤੇਰੇ ਵਾਂਗੂੰ ਹਰ ਗੱਲ ਤੇ,
ਪੋਚੇ ਪਾਉਣੇ ਨਹੀਂ ਆਉਂਦੇ,
ਸੱਖਣਾ ਸੀ ਕਦੇ ਦਿਲ ਤੇਰਾ ਅਜੇ
ਮੇਰੇ ਦਿਲ ਵਿਚ ਪ੍ਰੀਤ ਨਹੀਂ।
ਅਸੀਂ ਬਲਦੇ ਹੋਏ ਰੁੱਖ ਉਤੇ,
ਹਾਂ ਆਲ੍ਹਣਿਆਂ ਵਿਚ ਬੋਟ ਪਏ,
ਕੋਈ ਐਸੀ ਹੈ ਤਾਂ ਦੱਸ ਜਿਹੜੀ,
ਦਿਲ 'ਤੇ ਪਈ ਝਰੀਟ ਨਹੀਂ।
ਫ਼ਰਕ ਜੋ ਪੁੱਛਦਾ ਦੱਸ ਸਕਦੀ ਹੈ,
ਪਤਝੜ ਅਤੇ ਬਹਾਰਾਂ ਦਾ,
ਜੋਬਨ ਰੁੱਤੇ ਜਿਸ ਕੁੜੀ ਦੇ,
ਸਿਰ 'ਤੇ ਉਸਦਾ ਮੀਤ ਨਹੀਂ।
ਫਸਲ ਭੇਂਟ ਚੜ੍ਹ ਜਾਵੇ ਅੱਗ ਦੀ,
ਪੁੱਤਾਂ ਵਾਂਗਰ ਪਾਲੀ ਜੇ,
ਦਫ਼ਨ ਹੋਏ ਨੈਣਾਂ ਵਿਚ ਸੁਪਨੇ,
ਹੁੰਦੇ ਮੁੜ ਸੁਰਜੀਤ ਨਹੀਂ।
ਵਿਛ ਜਾਂਦਾ ਸੀ ਰਾਵਾਂ ਦੇ ਵਿਚ,
ਬਿੜਕ ਆਉਣ ਦੀ ਸੁਣਕੇ,
ਮਰ ਚੁੱਕਿਆ ਉਹ ਕਦੋਂ ਦਾ ਸੱਜਣਾ,
ਜਿਉਂਦਾ ਹੁਣ 'ਕੁਲਦੀਪ' ਨਹੀਂ।

# ਨਿਊਯਾਰਕ ਦੀ ਸ੍ਰੀ ਗੁਰੂ ਰਵਿਦਾਸ ਸਭਾ ਵਲੋਂ ਭਾਈ ਮਰਦਾਨਾ ਜੀ ਦੀ ਯਾਦ ਵਿੱਚ ਹੋਣਗੇ ਵਿਸ਼ੇਸ਼ ਸਮਾਗਮ

ਨਿਊਯਾਰਕ-(ਪ ਅ ਬ)-ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ ਨੂੰ ਹੋਂਦ ਵਿੱਚ ਆਇਆਂ ਅਜੇ ਪੂਰੇ 6 ਮਹੀਨੇ ਨਹੀਂ ਹੋਏ ਕਿ ਇਹਨਾਂ ਨੇ ਸੰਗਤ ਦੇ ਸਹਿਯੋਗ ਦੇ ਨਾਲ ਗੁਰਦਵਾਰਾ ਸਾਹਿਬ ਵਿੱਚ ਵਿਸ਼ੇਸ਼ ਉਦਮ ਕਰਕੇ ਸੰਗਤਾਂ ਨੂੰ ਉਹਨਾਂ ਪਹਿਲੂਆਂ ਤੋਂ ਜਾਣੂ ਕਰਾਇਆ ਹੈ ਜਿਹਨਾਂ ਦਾ ਆਲੇ ਦੁਆਲੇ ਘੱਟ ਹੀ ਜਿਕਰ ਹੁੰਦਾ ਹੈ। ਹੁਣ ਇੱਕ ਹੋਰ ਵਿਸ਼ੇਸ਼ ਉਦਮ ਕਰਕੇ ਭਾਈ ਮਰਦਾਨਾ ਜੀ ਦੀ ਯਾਦ ਵਿੱਚ ਰਾਗ ਦਰਬਾਰ ਕਰਾਇਆ ਜਾ ਰਿਹਾ ਹੈ ਜਿਸਦੀ ਤਾਰੀਕ ਗਰਦਵਾਰਾ



ਸਾਹਿਬ ਦੇ ਪ੍ਰਧਾਨ ਨਿਰਮਲ ਸਿੰਘ ਨੇ 19 ਮਈ ਦੱਸੀ ਹੈ। ਨਿਰਮਲ ਸਿੰਘ ਨੇ ਕਿਹਾ ਕਿ ਭਾਈ ਮਰਦਾਨਾ ਜੀ ਐਸੀ ਮਹਾਨ ਸਖਸ਼ੀਅਤ ਹੈ ਜਿਸਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਸੰਗ ਸਭ ਤੋਂ ਵੱਧ ਕੀਤਾ ਹੈ। ਭਾਈ ਮਰਦਾਨਾ ਜੀ ਨੂੰ ਮਾਣ ਦਿੰਦਿਆਂ ਗੁਰੂ ਸਾਹਿਬ ਜੀ ਨੇ ਆਪਣੇ ਬਰਾਬਰ ਖੜ੍ਹਾ ਕੀਤਾ। ਉਹਨਾਂ ਦੇ ਨਾਮ ਤੇ ਰਚੀ ਗਈ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਕੇ ਭਾਈ ਮਰਦਾਨਾ ਜੀ ਨੂੰ ਸਦੀਵੀ ਮਾਣ ਬਖਸ਼ ਕਰ ਦਿੱਤਾ। ਪਰ ਅਫਸੋਸ ਦੀ ਗੱਲ ਹੈ ਕਿ ਭਾਈ ਮਰਦਾਨਾ ਜੀ ਨੂੰ ਬਹੁਤ ਸਾਰੇ ਪ੍ਰਚਾਰਕਾਂ ਨੇ ਜਾਂ ਤਾਂ ਪ੍ਰਚਾਰਿਆ ਘੱਟ ਹੈ ਅਤੇ ਪ੍ਰਚਾਰ ਕਰਨ ਲੱਗਿਆਂ ਨੇ ਬਹੁਤਿਆਂ ਨੇ ਉਹਨਾਂ ਨੂੰ ਮਜ਼ਾਕੀਆ ਅੰਦਾਜ਼ ਵਿੱਚ ਹੀ ਸੀਮਤ ਕਰ ਦਿੱਤਾ। ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਭਾਈ ਮਰਦਾਨਾ ਜੀ ਦੀ ਯਾਦ ਵਿੱਚ ਕਰਵਾਇਆ ਜਾਣ ਵਾਲਾ ਰਾਗ ਦਰਬਾਰ ਨਿਸਚੇ ਹੀ ਸੰਗਤ ਵਿੱਚ ਨਵੀਂਆਂ ਪੈੜਾਂ ਦੀ ਹੋਂਦ ਨੂੰ ਛੱਡ ਜਾਵੇਗਾ। ਨਿਰਮਲ ਸਿੰਘ ਨੇ ਸਮੂਹ ਸਾਧ ਸੰਗਤ ਨੂੰ 19 ਮਈ ਨੂੰ ਇਸ ਸਮਾਗਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਬੇਨਤੀ ਕੀਤੀ।

# ਪੰਜਾਬ ਦੀ ਧੀ ਪੰਜਾਬ ਦਾ ਮਾਣ ਸ਼ਮਸ਼ਾਦ ਬੇਗ਼ਮ - ਇਕ ਸ਼ਰਧਾਂਜ਼ਲੀ



ਪਰਸ਼ੋਤਮ ਲਾਲ ਸਰੋਏ
(91-92175-44348)

ਕਿਹਾ ਜਾਂਦਾ ਹੈ ਕਿ ਇਹ ਮਨੁੱਖੀ ਸਰੀਰ ਇਕ ਮਿਟੀ ਦਾ ਭਾਂਡਾ ਹੈ ਤੇ ਇਕ ਦਿਨ ਇਸ ਨੇ ਭੱਜ ਜਾਣਾ ਹੁੰਦਾ ਹੈ। ਜੋ ਕੁਝ ਵੀ ਇਸ ਦੁਨੀਆਂ 'ਤੇ ਆਇਆ ਹੈ ਉਹ ਇਕ ਨਾ ਇਕ ਦਿਨ ਦੁਨੀਆਂ ਛੱਡ ਕੇ ਚਲੇ ਜਾਣਾ ਹੁੰਦਾ ਹੈ। ਕੋਈ ਵੀ ਇਥੇ ਬੈਠ ਕੇ ਨਹੀਂ ਰਹਿੰਦਾ। ਚਾਹੇ ਉਹ ਮੁਨੁੱਖੀ ਸ਼੍ਰੈਣੀ 'ਚੋਂ ਕੁਝ ਲੈ ਲਓ। ਚਾਹੋ ਜ਼ਾਨਵਰਾਂ ਜਾਂ ਪਸ਼ੂਆਂ-ਪੰਛੀਆਂ ਆਦਿ ਦੀ ਸ਼੍ਰੈਣੀ ਵਿਚੋਂ ਲੈ ਲਓ। ਕਹਿੰਦੇ ਨੇ ਕਿ ਇਹ ਇਨਸਾਨੀ ਜ਼ਾਮਾਂ ਕਈ ਲੱਖ ਚੁਰਾਸੀ ਜੂਨਾਂ ਭੁਗਤਣ ਤੋਂ ਬਾਅਦ 'ਚ ਨਸ਼ੀਬ ਹੁੰਦਾ ਹੈ। ਲੇਕਿਨ ਇਥ ਨਾ ਇਕ ਦਿਨ ਇਹ ਵੀ ਜ਼ਾਮਾਂ ਨਹੀਂ ਰਹਿੰਦਾ।

ਕੁਝ ਲੋਕ ਅਜਿਹੇ ਹੁੰਦੇ ਹਨ ਜੋ ਜਿਸ ਜਗ੍ਹਾ ਤੋਂ ਲੰਘ ਜਾਂਦੇ ਹਨ ਪਿੱਛੇ ਆਪਣੀ ਐਸੀ ਛਾਪ ਛੱਡ ਜਾਂਦੇ ਹਨ ਕਿ ਉਹ ਕਾਫ਼ੀ ਲੰਬੇ ਸਮੇਂ ਤੱਕ ਲੋਕਾਂ ਦੇ ਦਿਲਾਂ ਨੂੰ ਟੁੰਬਦੇ ਹਨ ਤੇ ਉਨ੍ਹਾਂ ਦੇ ਦਿਲਾਂ ਵਿਚ ਲੰਬੇ ਸਮੇਂ ਤੱਕ ਜੀਵਿਤ ਹੋਣ ਦਾ ਪ੍ਰਮਾਣ ਦਿੰਦੇ ਹਨ। ਪਿਛਲੇ ਦਿਨਾਂ ਵਿਚ ਕੁਝ ਇਕ ਪ੍ਰਮੁੱਖ ਹਸਤੀਆਂ ਸਾਡੇ ਤੋਂ ਸਦਾ ਲਈ ਵਿਛੜ ਗਈਆਂ ਤੇ ਹੁਣ ਉਨ੍ਹਾਂ ਜਿਹਾ ਇਕ ਹੋਰ ਚਮਕਦਾ ਸ਼ਿਤਾਰਾ ਸ਼ਮਸ਼ਾਦ ਬੇਗ਼ਮ ਆਪਣੀ ਆਵਾਜ਼ ਦਾ ਜ਼ਾਦੂ ਸਾਡੇ ਦਿਲਾਂ ਵਿਚ ਛੱਡ ਕੇ ਸਾਡੇ ਤੋਂ ਸਦਾ ਲਈ ਵਿਛੜ ਕੇ ਆਸਮਾਨ ਦੇ ਤਾਰਿਆਂ ਰੂਪੀ ਥਾਲੀ ਵਿਚ ਜਾ ਬਿਰਾਜਮਾਨ ਹੋਈ।

ਸ਼ਮਸ਼ਾਦ ਬੇਗ਼ਮ ਕਿਸੇ ਵੀ ਕਿਸਮ ਦੀ ਪਹਿਚਾਣ ਦੀ ਮੁਹਤਾਜ਼ ਨਹੀਂ । ਉਹ ਆਪਣੀ ਪਹਿਚਾਣ ਖ਼ੁਦ ਹੀ ਹੈ। ਸ਼ਮਸ਼ਾਦ ਬੇਗ਼ਮ ਦਾ ਨਾਂਅ ਇਕ ਆਪਣਾ ਅਲੱਗ ਹੀ ਮਹੱਤਵ ਰੱਖਦਾ ਹੈ। ਪੰਜਾਬ ਦੀ ਧੀ, ਪੰਜਾਬ ਦਾ ਮਾਣ ਸ਼ਮਸ਼ਾਦ ਬੇਗ਼ਮ ਦਾ ਜਨਮ 19 ਅਪ੍ਰੈਲ, 1919 ਵਿਚ ਜ਼ਿਲ੍ਹਾ ਅਮ੍ਰਿਤਸਰ (ਪੰਜਾਬ) ਵਿਚ, ਪਿਤਾ ਮੀਆਂ ਹੁਸ਼ੈਨ ਬਖ਼ਸ ਦੇ ਘਰ ਹੋਇਆ। ਸ਼ਮਸ਼ਾਦ ਬੇਗ਼ਮ ਨੇ ਆਪਣੇ ਜੀਵਨ ਵਿਚ ਏਨੀ ਪ੍ਰਸਿੱਧੀ ਪ੍ਰਾਪਤ ਕੀਤੀ ਕਿ ਉਹ ਆਪਣੀ ਆਵਾਜ਼ ਦੇ ਕਦਰਦਾਨਾਂ ਦੇ ਦਿਲਾਂ ਵਿਚ ਇਕ ਅਲਗ ਹੀ ਥਾਂ ਬਣਾ ਗਈ। ਸ਼ਮਸ਼ਾਦ ਬੇਗ਼ਮ ਨੇ ਪਲੇਅ ਬੈਕ ਸਿੰਗਰ ਦੇ ਰੂਪ ਵਿਚ ਏਨੀ ਪ੍ਰਸਿੱਧੀ ਹਾਸਲ ਕੀਤੀ ਕਿ 2009 ਈ ਵਿਚ ਉਸ ਨੂੰ ਪਦਮ ਵਿਭੂਸ਼ਣ ਅਵਾਰਡ ਵੀ ਮਿਲਿਆ। ਸ਼ਮਸ਼ਾਦ ਬੇਗ਼ਮ ਨੇ 6000 ਦੇ ਕਰੀਬ ਪੰਜਾਬੀ, ਹਿੰਦੀ, ਮਰਾਠੀ, ਗੁਜ਼ਰਾਤੀ, ਬੰਗਾਲੀ ਆਦਿ ਗੀਤ ਗਾਉਣ ਦਾ ਰਿਕਾਰਡ ਕਾਇਮ ਕਰਨਾ ਇਸ ਗੱਲ ਦਾ ਸ਼ਬੂਤ ਹੈ ਕਿ ਉਹ ਪੰਜਾਬ ਦੀ ਧੀ ਨੂੰ ਪੰਜਾਬੀ ਭਾਸ਼ਾ ਦੇ ਨਾਲ ਨਾਲ ਹੋਰ ਵੀ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਮਹਾਰਤ ਪ੍ਰਾਪਤ ਸੀ।



ਸ਼ਮਸ਼ਾਦ ਬੇਗ਼ਮ

ਸ਼ਮਸ਼ਾਦ ਬੇਗ਼ਮ ਜੀ ਨੇ ਇਕ ਸਿੰਗਰ ਦੇ ਰੂਪ ਵਿਚ ਆਪਣੇ ਕੈਰੀਅਰ ਦੀ ਸ਼ੁਰੂਆਤ ਆਪਣੇ ਪ੍ਰਾਇਮਰੀ ਸਕੂਲ ਪੜ੍ਹਦੇ ਸਮੇਂ ਹੀ ਕਰ ਲਈ ਸੀ। ਆਪਣੀ ਆਵਾਜ਼ ਦੇ ਜ਼ਾਦੂ ਨਾਲ ਸਕੂਲ ਦੀ ਮੁੱਖ ਅਧਿਆਪਕਾ ਦਾ ਮਨ ਹੀ ਜਿੱਤ ਲਿਆ ਸੀ। ਸਕੂਲ ਦੇ ਹੋਰ ਅਧਿਆਪਕ ਤੇ ਅਧਿਆਪਕਾਵਾਂ ਵੀ ਉਨ੍ਹਾਂ ਦੀ ਆਵਾਜ਼ ਦੀ ਜ਼ਾਦੂ ਦੇ ਕਾਇਲ ਹੋ ਗਏ ਸਨ। ਇਹੀ ਕਾਰਨ ਸੀ ਕਿ ਸਕੂਲ ਵਿਚ ਸਵੇਰੇ ਕੀਤੀ ਜਾਣ ਵਾਲੀ ਪ੍ਰੇਅਰ (ਪ੍ਰਾਰਥਨਾਂ) ਵੇਲੇ ਵਿਚ ਵੀ ਪ੍ਰਾਰਥਨਾ ਕਰਨ ਵਾਲਿਆਂ ਦੀ ਮੁਖੀ ਦੇ ਰੂਪ ਵਿਚ ਥਾਪਿਆ ਗਿਆ ਸੀ। ਦਸ ਸਾਲ ਦੀ ਉਮਰ ਵਿਚ ਹੀ ਆਪ ਜੀ ਨੇ ਧਾਰਮਿਕ ਸਮਾਗ਼ਮਾਂ ਅਤੇ ਸ਼ਾਦੀ ਸਮਾਰੋਹਾਂ 'ਤੇ ਲੋਕ ਗੀਤ (ਫੋਕ ਸੌਂਗ) ਗਾਉਣੇ ਸ਼ੁਰੂ ਕਰ ਦਿੱਤੇ ਸਨ।

1932 ਦੇ ਦਿਨਾਂ ਦੀ ਗੱਲ ਹੈ ਜਦ ਇਕ ਵਕੀਲ, ਗਨਪਤ ਲਾਲ ਬੱਟੂ ਨਾਲ ਆਪ ਜੀ ਦਾ ਪ੍ਰੇਮ ਹੋ ਗਿਆ ਸੀ ਤੇ ਘਰ ਦਿਆਂ ਦੇ ਵਿਰੋਧ ਦੇ ਬਾਵਜੂਦ ਵੀ ਆਪ ਜੀ ਦਾ ਵਿਆਹ 1934 ਵਿਚ 15 ਸਾਲ ਦੀ ਉਮਰ ਵਿਚ ਗਨਪਤ ਲਾਲ ਬੱਟੂ ਜੀ ਨਾਲ ਹੋ ਗਿਆ ਸੀ। ਆਪ ਦੇ ਘਰ ਇੱਕ ਲੜਕੀ ਨੇ ਜਨਮ ਲਿਆ ਉਸ ਲੜਕੀ ਦਾ ਨਾਂਅ ਊਸ਼ਾ ਰੱਖਿਆ ਤੇ ਉਸ ਲੜਕੀ ਦਾ ਵਿਆਹ ਇਕ ਲੈਫਟੀਨੈਂਟ ਕਰਨਲ ਯੋਗੇਸ਼ ਰੱਤਰਾ ਨਾਲ ਹੋ ਗਿਆ।

1933 ਵਿਚ ਸ਼ਮਸ਼ਾਦ ਬੇਗ਼ਮ ਨੇ ਸਟੂਡੀਓ ਆਦਿ ਵਿਚ ਵੀ ਗਾਉਣਾ ਸ਼ੁਰੂ ਕਰ ਦਿੱਤਾ ਸੀ। 1941 ਵਿਚ ਖ਼ਜ਼ਾਨਚੀ ਫ਼ਿਲਮ ਲਈ ਗੀਤ ਗਾਇਆ ਤੇ 1947 ਵਿਚ ਲਾਹੌਰ ਰੇਡੀਓ ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ। ਉਹ ਕੇ ਐਲ ਸਹਿਗਲ ਦੀ ਇਕ ਬਹੁਤ ਵੱਡੀ ਫੈਨ (ਪ੍ਰਸੰਸਕ) ਸੀ ਤੇ ਉਸ ਨੇ ਦੇਵਦਾਸ ਨਾਂਅ ਦੀ ਫਿਲਮ 14 ਵਾਰ ਦੇਖੀ। ਆਪਣੇ ਇਸ ਕੈਰੀਅਰ ਦੌਰਾਨ ਆਪ ਜੀ ਨੂੰ ਕਈ ਵਾਰ ਘਰੇਲੂ ਵਿਰੋਧ ਵੀ ਝੇਲਣਾ ਪਿਆ। ਜਿਵੇਂ ਕਿ ਅਕਸਰ ਆਮ ਕਰਕੇ ਹੁੰਦਾ ਹੀ ਹੈ ਕਿ ਜਦ ਕੋਈ ਪ੍ਰਸਿੱਧ ਵਿਅਕਤੀ ਆਕਾਸ਼ ਦੀ ਬੁਲੰਦੀਆਂ ਨੂੰ ਸੂਹਣ ਲਈ ਆਪਣਾ ਹੌਸ਼ਲਾ ਜਤਾਓਦਾ ਹੈ ਤੇ ਉਸਦੇ ਹੌਸ਼ਲੇ ਨੂੰ ਢਾਉਣ ਦਾ ਕੰਮ ਆਪਣੇ ਹੀ ਕਰਦੇ ਹਨ। ਇਸੇ ਤਰ੍ਹਾਂ ਹੀ ਸ਼ਮਸ਼ਾਦ ਬੇਗ਼ਮ ਦੇ ਪਰਿਵਾਰਕ ਵਿਰੋਧ ਨੇ ਉਸ ਦੇ ਹੌਸਲੇ ਨੂੰ ਢਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਫਿਰ ਵੀ ਹਿੰਮਤ ਨਹੀਂ ਹਾਰੀ। 1955 ਦਾ ਸੰਨ ਆਪ ਜੀ ਦੇ ਲਈ ਇੱਕ ਅਤਿਅੰਤ ਦੁੱਖਾਂ ਭਰਿਆ ਬੀਤਿਆ ਜਦੋਂ ਆਪ ਜੀ ਦੇ ਪਤੀ ਸ੍ਰੀ ਗਨਪਤ ਲਾਲ ਬੱਟੂ ਜੀ ਦੀ ਮੌਤ ਇਕ ਐਕਸੀਡੈਂਟ ਵਿਚ ਹੋ ਗਈ ਸੀ।

ਸ਼ਮਸ਼ਾਦ ਬੇਗ਼ਮ ਨੇ ਲਤਾ ਮੰਗੇਸਕਰ ਦੇ ਨਾਲ ਮਿਲ ਕੇ ਬਹੁਤ ਸਾਰੇ ਡਿਊਟ ਗੀਤ ਇਕੱਠਿਆਂ ਵੀ ਗਾਏ। 1942 ਵਿਚ ਖ਼ਾਨਦਾਨ ਫ਼ਿਲਮ ਵਿਚ ਗਾਇਆ ਗੀਤ ਬਹੁਤ ਹਿੱਟ ਹੋਇਆ। ਫਿਰ ਇਸ ਤੋਂ ਇਲਾਵਾ ਆਪ ਜੀ ਨੇ ਹੋਰ ਬਹੁਤ ਸਾਰੀਆਂ ਚੋਟੀ ਦੀਆਂ ਫਿਲਮਾਂ ਜਿਵੇਂ ਕਿ- ਜ਼ਮੀਦਾਨ, ਪੂੰਜੀ, ਸ਼ਮਾਂ, ਸੀ ਆਈ ਡੀ, ਨਯਾ ਅੰਦਾਜ਼ ਆਦਿ ਫਿਲਮਾਂ ਵਿਚ ਵੀ ਆਪਣੀ ਆਵਾਜ਼ ਦਾ ਜ਼ਾਦੂ ਦਿਖਾਇਆ। ਆਪ ਜੀ ਨੇ ਦਿਲਾਂ ਨੂੰ ਟੁੰਬਦੇ ਹੋਏ ਗੀਤ ਗਾਏ ਜਿਨ੍ਹਾਂ ਨੂੰ ਵਾਰ ਵਾਰ ਸੁਣ ਨੂੰ ਦਿਲ ਕਰਦਾ ਹੈ ਤੇ ਬੋਰੀਅਤ ਨਾਂਅ ਦੀ ਛੈਅ ਨੇੜੇ ਵੀ ਨਹੀਂ ਢੁਕਦੀ।

ਸ਼ਮਸ਼ਾਦ ਦੇ ਕੁਝ ਇਕ ਗਾਏ ਸੁਪਰ ਹਿੱਟ ਗੀਤ ਜਿਹੜੇ ਕਿ ਮੈਨੂੰ ਯਾਦ ਆ ਰਹੇ ਹਨ। ਉਹ ਹਨ-

ਲੇ ਕੇ ਪਹਿਲਾ ਪਹਿਲਾ ਪਿਆਰ ਭਰ ਕੇ ਆਖੋਂ ਮੇਂ ਖ਼ੁਮਾਰ
ਜ਼ਾਦੂ ਨਗਰੀ ਮੇਂ ਆਇਆ ਹੈ ਕੋਈ ਜ਼ਾਦੂਗਰ।
ਕਭੀ ਆਰ ਕਭੀ ਪਾਰ ਲਾਗਾ ਤੀਰੇ ਨਜ਼ਰ, ਸਈਆਂ ਘਾਇਲ ਕਿਆ ਰੇ ਤੂਨੇ ਮੋਰਾ ਜ਼ਿਗਰ।
ਕਹੀਂ ਪੇ ਨਿਗਾਹੇਂ ਕਹੀਂ ਪੇ ਨਿਸ਼ਾਨਾ।
ਮੇਰੇ ਪੀਆ ਗਏ ਰੰਗੂਨ ਬਹਾਂ ਸੇ ਕੀਆ ਹੈ ਟੈਲੀਫ਼ੋਨ ਤੁਮਹਾਰੀ ਯਾਦ ਸਤਾਤੀ ਹੈ ਜ਼ੀਆ ਮੇਂ ਆਗ ਲਗਾਤੀ ਹੈ।
ਕਜਰਾ ਮੁਹੱਬਤ ਵਾਲਾ ਅੱਖੀਆਂ ਮੇਂ ਐਸਾ ਡਾਲਾ, ਕਜਰੇ ਨੇ ਲੇ ਲੀ ਮੇਰੀ ਜ਼ਾਨ, ਹਾਏ ਰੇ ਮੈਂ ਤੇਰੇ ਕੁਰਬਾਨ।
ਸਈਆਂ ਦਿਲ ਮੇਂ ਆਨਾ ਰੇ, ਆ ਕੇ ਫਿਰ ਨਾ ਜਾਨਾ ਰੇ।
ਰੇਸ਼ਮੀਂ ਸ਼ਲਵਾਰ ਕੁਰਤਾ ਜ਼ਾਲੀ ਕਾ, ਰੂਪ ਸਹਾ ਨਾ ਜਾਏ ਨਖ਼ਰੇ ਵਾਲੀ ਕਾ।
ਅਫ਼ਸਾਨਾ ਲਿਖ ਰਹੀ ਹੂੰ, ਦਿਲੇ ਬੇਕਰਾਰ ਕਾ ਆਖੋਂ ਮੇਂ ਹੰਝੂ ਭਰ ਕੇ ਤੇਰੇ ਇੰਤਜ਼ਾਰ ਕਾ।

ਉਸ ਦੇ ਇਹ ਲਗਭਗ ਸਾਰੇ ਗੀਤ ਵੀ ਉਸ ਦੀ ਆਵਾਜ਼ ਦੇ ਕਦਰਦਾਨਾਂ ਦੇ ਦਿਲਾਂ ਨੂੰ ਟੁੰਬਦੇ ਹਨ। ਇਨ੍ਹਾਂ ਗੀਤਾਂ ਨੂੰ ਵਾਰ-2 ਸੁਣਨ ਨੂੰ ਦਿਲ ਕਰਦਾ ਹੈ। ਹਿੰਦੀ, ਉਰਦੂ, ਪੰਜਾਬੀ ਆਦਿ ਦੀ ਪਲੇ ਬੈਕ ਸਿੰਗਰ- ਸ਼ਮਸ਼ਾਦ ਬੇਗ਼ਮ 94 ਸਾਲ ਦੀ ਉਮਰ ਭੋਗਦੀ ਹੋਈ 23 ਅਪ੍ਰੈਲ 2013 ਮੁਬੰਈ (ਮਹਾਰਾਸਟਰ) ਵਿਖੇ ਸਦਾ ਲਈ ਵਿਛੜ ਗਈ ਤੇ ਉਹਦੀ ਆਵਾਜ਼ ਆਪਣੇ ਕਦਰਦਾਨਾਂ ਦੇ ਦਿਲਾਂ ਵਿਚ ਹਮੇਸ਼ਾਂ ਲਈ ਜੀਵਿਤ ਰਹੇਗੀ।

# ਮਈ ਦਿਵਸ ਲੇਬਰ ਸ਼ਲਾਮੀ ਦਾ ਦਿਵਸ਼- ਮਈ ਦਿਵਸ ਵਿਸ਼ੇਸ਼


ਦਿਨ ਜਾਂ ਤਿਉਹਾਰ ਦਾ ਸਬੰਧ ਕਿਸੇ ਨਾ ਕਿਸੇ ਖੁਸ਼ੀ, ਜਜ਼ਬੇ ਜਾਂ ਕੁਰਬਾਨੀ ਆਦਿ ਜੁੜਿਆ ਹੁੰਦਾ ਹੈ। ਜਿਸ ਦਿਨ ਦਾ ਖ਼ਾਸ ਤੌਰ ਤੇ ਮਹੱਤਵ ਹੈ ਉਸਨੂੰ ਰਾਸਟਰੀ ਜਾਂ ਅੰਤਰ-ਰਾਸਟਰੀ ਪੱਧਰ ਤੇ ਮਾਨਤਾ ਮਿਲਣੀ ਇੱਕ ਬਹੁਤ ਹੀ ਵੱਡੀ ਗੱਲ ਹੈ। ਸਾਲ ਵਿੱਚ ਬਾਰਾਂ ਮਹੀਨੇ ਹੁੰਦੇ ਹਨ। ਚਾਹੇ ਹੋ ਦੇਸ਼ੀ ਮਹੀਨਾ ਹੈ ਜਾਂ ਫਿਰ ਅੰਗਰੇਜ਼ੀ। ਹਰ ਮਹੀਨੇ ਦਾ ਇੱਕ ਆਪਣਾ ਵੱਖਰਾ ਹੀ ਮਹੱਤਵ ਹੈ। ਕੁਝ ਇੱਕ ਮਹੀਨੇ ਦੇ ਕੁਝ ਐਸੇ ਦਿਨ ਹੁੰਦੇ ਹਨ, ਜਿਨ੍ਹਾਂ ਦਾ ਸਬੰਧ ਕਿਸੇ ਖ਼ਾਸ ਇਤਿਹਾਸਕ ਘਟਨਾ, ਕੁਰਬਾਨੀ ਜਾਂ ਕਿਸੇ ਜ਼ਜ਼ਬੇ ਨਾਲ ਜੁੜਿਆ ਹੋਇਆ ਹੁੰਦਾ ਹੈ। ਇਨ੍ਹਾਂ ਮਹੀਨੇ ਦੇ ਖ਼ਾਸ ਦਿਨਾਂ ਦਾ ਸਬੰਧ ਰੁੱਤਾਂ ਆਦਿ ਨਾਲ ਵੀ ਮੰਨਿਆਂ ਜਾਂਦਾ ਹੈ।

ਮਈ ਮਹੀਨੇ ਦੇ ਪਹਿਲੇ ਦਿਨ ਭਾਵ ਇੱਕ ਮਈ ਦੀ ਗੱਲ ਕਰੀਏ ਤਾਂ ਇਸ ਮਈ ਮਹੀਨੇ ਦੇ ਇਸ ਖ਼ਾਸ਼ ਦਿਨ ਦਾ ਰਾਸਟਰੀ ਤੇ ਅੰਤਰ-ਰਸਾਟਰੀ ਪੱਧਰ ਤੇ ਇੱਕ ਖ਼ਾਸ਼ ਮਹੱਤਵ ਹੈ। ਇਸ ਦਿਨ ਨੂੰ ਮਈ ਦਿਵਸ ਦੇ ਤੌਰ ਤੇ ਰਾਸਟਰੀ ਤੇ ਅੰਤਰ-ਰਾਸਟਰੀ ਪੱਧਰ ਤੇ ਮਨਾਇਆ ਜਾਂਦਾ ਹੈ। ਇਸ ਮਈ ਦਿਵਸ ਨੂੰ ਅੰਤਰ-ਰਾਸਟਰੀ ਵਰਕਰ ਡੇ ਜਾਂ ਅੰਤਰ-ਰਾਸਟਰੀ ਲੇਬਰ ਡੇ ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਇਹ ਮਈ ਦਿਵਸ ਅੰਤਰ-ਰਾਸਟਰੀ ਛੁੱਟੀ ਦਾ ਵੀ ਦਿਵਸ ਹੈ। ਇਸ ਦਿਵਸ ਨੂੰ ਲਗਭਗ ਅੱਸੀ ਦੇਸ਼ਾਂ ਵਿੱਚ ਇਹ ਮਈ ਡੇ ਦਾ ਦਿਵਸ ਅੰਤਰ-ਰਾਸਟਰੀ ਛੁੱਟੀ ਦੇ ਤੌਰ ਤੇ ਮਾਨਤਾ ਦਿੰਦੇ ਹਨ ਤੇ ਇਸ ਤੋਂ ਇਲਾਵਾ ਕਈ ਹੋਰ ਬਹੁਤ ਸਾਰੇ ਸਾਮਵਾਦੀ ਤੇ ਸਮਾਜਵਾਦੀ ਦੇਸ਼ਾਂ ਵਿੱਚ ਵੀ ਮਾਨਤਾ ਦਿੱਤੀ ਜਾਂਦੀ ਹੈ। ਇਹ ਦਿਨ ਲੇਬਰ ਸਮਾਂਗਮਾਂ ਦਾ ਵੀ ਦਿਨ ਹੈ। ਅਸਲ ਵਿੱਚ ਦੇਖਿਆ ਜਾਵੇ ਤਾਂ ਇਹ ਦਿਨ ਪੂਰੇ ਦਿਨ ਵਿੱਚ ਅੱਠ ਘੰਟੇ ਦੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਅਸਲ ਵਿੱਚ ਇਸ ਨਾਲ ਕਈ ਇਤਿਹਾਸਿਕ ਘਟਨਾਵਾਂ ਵੀ ਜ਼ੁੜੀਆਂ ਹੋਈਆਂ ਹਨ। ਇਹ ਦਿਨ ਉਨ੍ਹਾਂ ਇਤਿਹਾਸਿਕ ਘਟਨਾਂਵਾਂ ਦੀ ਦੀ ਇੱਕ ਯਾਦ ਦਿਲਾਉਂਦਾ ਹੈ। ਇਸ ਲੇਬਰ ਦਿਵਸ ਦਾ ਸਬੰਧ 1886 ਈ ਵਿੱਚ ਸ਼ਿਕਾਗੋ ਵਿੱਚ ਹੋਈ ਉਸ ਘਟਨਾਂ ਨਾਲ ਵੀ ਜ਼ੁੜਿਆ ਹੋਇਆ ਹੈ ਜਦ ਕੁਝ ਲੋਕ ਅਤੇ ਪੁਲਿਸ ਦੇ ਜ਼ਵਾਨ ਇਸ ਅੱਠੇ ਘੰਟੇ ਦੇ ਕੰਮ ਨਾਲ ਸਬੰਧਤ ਇੱਕ ਸਮਾਗ਼ਮ ਕਰ ਰਹੇ ਸਨ ਕਿ ਕਿਸੇ ਅਗਿਆਤ ਆਦਮੀ ਨੇ ਉਨ੍ਹਾਂ ਉੱਤੇ ਇੱਕ ਡਾਇਨਾਮਾਇਟ ਬੰਬ ਸੁੱਟ ਦਿੱਤਾ ਤੇ ਪੁਲਿਸ ਨੇ ਫ਼ਾਇਰਿੰਗ ਕੀਤੀ ਜਿਸ ਵਿੱਚ ਕਈ ਬਹੁਤ ਸਾਰੇ ਬੇਦੋਸ਼ੇ ਲੋਕ ਵੀ ਮਾਰੇ ਗਏ ਤੇ ਇਸ ਤਰ੍ਹਾਂ ਦੇ ਕਈ ਸਮਾਗ਼ਮ ਹੋਰ ਵੀ ਬਹੁਤ ਸਾਰੇ ਦੇਸ਼ਾਂ ਵਿੱਚ ਕੀਤੇ ਗਏ ਤੇ ਸਫ਼ਲ ਹੋਏ। ਲੇਬਰ ਜਾਂ ਵਰਕਰ ਕਿਸੇ ਵੀ ਦੇਸ਼ ਜਾਂ ਸਮਾਜ ਦੀ ਜ਼ਿੰਦ-ਜ਼ਾਨ ਹੁੰਦੇ ਹਨ। ਜਿਸ ਦੇਸ਼ ਦੇ ਵਰਕਰ ਜਾਂ ਲੇਬਰ ਚੰਗੇ ਹਨ ਤੇ ਉਹ ਦੇਸ਼ ਜਾਂ ਮੁਲਕ ਜਾਂ ਸਮਾਜ ਹੀ ਤਰੱਕੀ ਤੇ ਜਾਂਦਾ ਹੈ। ਲੇਕਿਨ ਇਨ੍ਹਾਂ ਵਰਕਰਾਂ ਦੇ ਕੰਮ ਦੇ ਘੰਟੇ ਨਿਸਚਿਤ ਕਰ ਦਿੱਤੇ ਗਏ ਹਨ। ਇਹ ਦਿਨ ਦੇ ਕੰਮ ਦੇ ਘੰਟੇ ਅੱਠ ਕਰ ਦਿੱਤੇ ਗਏ ਹਨ ਤੇ ਬਾਕੀ ਘੰਟੇ ਇਨ੍ਹਾਂ ਕੰਮ ਕੇ ਹੋਈ ਥਕਾਵਟ ਨੂੰ ਦੂਰ ਕਰਨ ਲਈ ਹੁੰਦੇ ਹਨ। ਲੇਕਿਨ ਦੇਖਿਆ ਤਾਂ ਇਹ ਗਿਆ ਹੈ ਕੇ ਕੁਝ ਇੱਕ ਥਾਵਾਂ ਤੇ ਅਜੇ ਵੀ ਲੇਬਰ ਤੋਂ ਜ਼ਿਆਦਾ ਕੰਮ ਲਿਆ ਜਾਂਦਾ ਹੈ ਜਿਹੜਾ ਕੋਈ ਚੰਗਾ ਝੁਕਾਅ ਨਹੀਂ ਹੈ। ਹੁਣ ਲੇਬਰ ਜਾਂ ਵਰਕਰ ਤੰਦਰੁਸ਼ਤ ਹਨ ਤਾਂ ਹਾਂ ਸਾਡਾ ਦੇਸ਼, ਮੁਲਕ ਜਾਂ ਸਮਾਜ ਵੀ ਤੰਦਰੁਸ਼ਤ ਹੋਏਗਾ ਤੇ ਤਰੱਕੀ ਦੇ ਰਾਹ ਤੇ ਜਾਵੇਗਾ। ਅਸਲ ਵਿੱਚ ਇਹ ਮਈ ਦਾ ਦਿਵਸ ਸਾਡੇ ਦੇਸ਼ ਜਾਂ ਮੁਲਕ ਨੂੰ ਤਰੱਕੀ ਦੀ ਰਾਹ ਤੇ ਲਿਜਾਣ ਲਈ ਸੇਵਾ ਨਿਭਾ ਰਹੇ ਵਰਕਰਾਂ ਨੂੰ ਸ਼ਲਾਮੀਂ ਦੇਣ ਦਾ ਦਿਨ ਵੀ ਹੈ। ਇਸ ਲਈ ਇਸ ਦਿਨ ਨੂੰ ਰਾਸਟਰੀ ਤੇ ਅੰਤਰ-ਰਾਸਟਰੀ ਮਾਨਤਾ ਦੇ ਕੇ ਛੁੱਟੀ ਦਾ ਐਲਾਨ ਵੀ ਕੀਤਾ ਗਿਆ ਹੈ। ਇਸ ਦਿਨ ਕਈ ਦੇਸ਼ਾਂ ਵਿੱਚ ਕਈ ਲੇਬਰ ਸੰਮੇਲਨ ਵੀ ਕਰਾਏ ਜਾਂਦੇ ਹਨ। ਆਓ ਆਪਾਂ ਸਾਰੇ ਰਲ ਕੇ ਆਪਣੇ ਦੇਸ਼ ਦੇ ਵਰਕਰਾਂ ਲਈ ਅਰਦਾਸਾ ਕਰੀਏ ਕਿ ਇਹ ਦੇਸ਼ ਨੂੰ ਤਰੱਕੀ ਦੇ ਰਾਹ ਤੇ ਲਿਜ਼ਾ ਸਕਣ। ਅਸੀਂ ਵੀ ਇਸ ਲੇਬਰ ਦਿਵਸ ਨੂੰ ਇੱਕ ਸਲਿਊਟ ਕਰੀਏ।

**- ਪਰਸ਼ੋਤਮ ਲਾਲ ਸਰੋਏ**

# ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਯਾਦ ਵਿੱਚ ਵਿਸੇਸ਼ ਸਮਾਗਮ ਕਰਵਾਇਆ



ਉਪਰੰਤ ਦੀਵਾਨ ਦੀ ਸ਼ੁਰੂਆਤ ਡਾ. ਗੁਰਨਾਮ ਸਿੰਘ ਪਟਿਆਲਾ ਯੂਨੀਵਰਸਿਟੀ ਵਾਲਿਆਂ ਦੇ ਜਥੇ ਨੇ ਰਾਗਾਂ ਵਿੱਚ ਗੁਰਬਾਣੀ ਕੀਰਤਨ ਸਰਵਣ ਕਰਵਾ ਕੇ ਕੀਤੀ। ਇਹਨਾਂ ਤੋਂ ਪਹਿਲਾਂ ਗੁਰੂ ਘਰ ਵਿਖੇ ਕੀਰਤਨ ਦੀ ਸੇਵਾ ਨਿਭਾ ਰਹੇ ਹਰਭਜਨ ਸਿੰਘ ਜਗਾਧਰੀ ਵਾਲਿਆਂ ਦੇ ਜੱਥੇ ਨੇ ਆਸਾ ਦੀ ਵਾਰ ਦੇ ਕੀਰਤਨ ਸਰਵਣ ਕਰਵਾਏ। ਕਥਾਵਾਚਕ ਭਾਈ ਅਮਰੀਕ ਸਿੰਘ ਪੀ ਐਚ ਡੀ ਮੁਕੇਰੀਆਂ ਵਾਲਿਆਂ ਨੇ ਕਥਾ ਦੀ ਹਾਜ਼ਰੀ ਲਗਵਾਉਂਦੇ ਹੋਏ ਅੱਜ ਦੇ ਹਾਲਾਤਾਂ ਨੂੰ ਬਾਖੂਬੀ ਐਲਾਨ ਕੀਤਾ। ਉਹਨਾਂ ਕਿਹਾ ਕਿ ਗੁਰੂ ਘਰ ਵਿੱਚ ਜਿਸ ਕੰਮ ਲਈ ਪ੍ਰਾਣੀ ਆਉਂਦਾ ਹੈ ਪਰ ਕਰਦਾ ਉਹਦੇ ਉਲਟ ਹੈ। ਗੁਰੂ ਘਰ ਵਿੱਚ ਬੰਦਾ ਬਣਨ ਲਈ ਆਉਂਦਾ ਹੈ ਪਰ ਕੰਮ ਸਾਰੇ ਪਸ਼ੂਆਂ ਵਾਲੇ ਕਰਦਾ ਹੈ। ਆਪਣੇ ਆਪ ਦੀ ਪਹਿਚਾਣ ਇਨਸਾਨ ਨਹੀਂ ਕਰਦਾ। ਬਾਬਾ ਮੁਗੋਵਾਲੀਆ ਜੀ ਜਿਹਨਾਂ ਨੇ ਇਨਸਾਨੀ ਹੱਕਾਂ ਲਈ ਆਪਣੀ ਅਵਾਜ਼ ਨੂੰ ਹਕੂਮਤ ਦੇ ਦਰ ਉੱਤੇ ਨਿਡਰਤਾ ਨਾਲ ਪੇਸ਼ ਕੀਤਾ। ਬੀਬੀ ਸੁਖਵਿੰਦਰ ਕੌਰ ਦੇ ਜੱਥੇ ਨੇ ਦੋ ਸ਼ਬਦਾਂ ਲਈ ਹਾਜ਼ਰੀ ਲਗਵਾ ਕੇ ਸੰਗਤ ਦੀ ਅਸੀਸ ਪ੍ਰਾਪਤ ਕੀਤੀ। ਗੁਰੂ ਘਰ ਦੇ ਮੁੱਖ ਸੇਵਾਦਾਰ ਸ.ਨਿਰਮਲ ਸਿੰਘ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੰਸਾਰ ਉੱਤੇ ਆਉਣਾ ਹਰ ਪ੍ਰਾਣੀ ਦਾ ਬਰਾਬਰ ਹੈ ਪਰ ਜਾਣਾ ਬਰਾਬਰ ਨਹੀਂ ਹੁੰਦਾ। ਜਾਣ ਤੋਂ ਬਾਅਦ ਪਹਿਚਾਣ ਉਹਦੇ ਕੀਤੇ ਕੰਮਾਂ ਕਰਕੇ ਹੁੰਦੀ ਹੈ। ਬਾਬਾ ਮੰਗੂਰਾਮ ਮੁਗੋਵਾਲੀਆ ਜੀ ਇੱਕ ਗਰੀਬ ਪਰਿਵਾਰ ਵਿੱਚ ਪੈਦਾ ਹੋ ਕੇ ਆਪਣੇ ਸਮਾਜ ਦੇ ਹੱਕਾਂ ਲਈ ਲੜੇ ਅਤੇ ਉਹਨਾਂ ਨੂੰ ਬਣਦੇ ਹੱਕ ਲੈ ਕੇ ਦਿੱਤੇ। ਬਾਵਾ ਸਾਹਿਬ ਡਾ. ਅੰਬੇਡਕਰ ਜਦੋਂ ਪਹਿਲੀ ਵਾਰ ਜਲੰਧਰ ਆਏ, ਬਾਬਾ ਜੀ ਉਹਨਾਂ ਨੂੰ ਮਿਲੇ ਅਤੇ ਬਾਵਾ ਸਾਹਿਬ ਜੀ ਦੇ ਮਿਸ਼ਨ ਨੂੰ ਅੱਗੇ ਤੋਰਨ ਵਿੱਚ ਆਪਣਾ ਯੋਗਦਾਨ ਪਾਇਆ। ਮਹਾਤਮਾ ਗਾਂਧੀ ਦੇ ਮਰਨ ਵਰਤ ਦੇ ਉਲਟ ਆਪਣੇ ਕੌਮ ਦੇ ਹੱਕਾਂ ਦੀ ਖਾਤਰ ਮਰਨ ਵਰਤ ਜਲੰਧਰ ਵਿੱਚ 28 ਦਿਨ ਰੱਖ ਕੇ ਆਪਣੀ ਕੌਮ ਨੂੰ ਹੱਕ ਲੈ ਕੇ ਦਿੱਤੇ। ਆਦਿ ਧਰਮ ਮਿਸ਼ਨ ਦੀ ਸਥਾਪਨਾ ਵਰਗੇ ਅਨੇਕਾਂ ਕਾਰਜ ਬਾਬਾ ਜੀ ਨੇ ਆਪਣੀ ਜੀਵਨ ਯਾਤਰਾ ਦੌਰਾਨ ਕੀਤੀ। ਨਿਰਮਲ ਸਿੰਘ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਬਾਬਾ ਜੀ ਦੇ ਜੀਵਨ ਤੋਂ ਜਾਣੂ ਹੋਣਾ ਚਾਹੀਦਾ ਹੈ।

ਗੁਰੂ ਘਰ ਵਿੱਚ ਅਪ੍ਰੈਲ ਮਹੀਨੇ ਦੌਰਾਨ ਜਿਵੇਂ ਕਿ 14 ਅਪ੍ਰੈਲ ਨੂੰ ਡਾ. ਅੰਬੇਡਕਰ ਦਾ ਜਨਮ ਦਿਨ, 21 ਅਪ੍ਰੈਲ ਨੂੰ ਖਾਲਸੇ ਦਾ ਸਿਰਜਨਾ ਦਿਵਸ ਅਤੇ ਗਿਆਨੀ ਦਿੱਤ ਸਿੰਘ ਦਾ ਜਨਮ ਦਿਨ ਮਨਾਉਣ ਤੇ ਸੰਗਤ ਵਲੋਂ ਮਿਲੇ ਭਰਵੇਂ ਸਹਿਯੋਗ ਦਾ ਗੁਰੂ ਘਰ ਦੇ ਸੇਵਾਦਾਰਾਂ ਵਲੋਂ ਧੰਨਵਾਦ ਕੀਤਾ ਗਿਆ। ਅਖੰਡ ਪਾਠ ਅਤੇ ਲੰਗਰ ਦੀ ਸੇਵਾ ਉੱਘੇ ਬਿਜਨਸਮੈਨ ਆਪਣਾ ਬਾਜ਼ਾਰ ਦੇ ਮਾਲਕ ਜਸਵਿੰਦਰ ਸਿੰਘ ਜੌਹਲ ਅਤੇ ਦੀਪਕ ਭਾਰਦਵਾਜ਼ ਦੇ ਸਮੁੱਚੇ ਅਦਾਰੇ ਵਲੋਂ ਕਰਵਾਈ ਗਈ।

ਆਪਣਾ ਬਾਜ਼ਾਰ ਨੇ ਪਹਿਲਾਂ ਵੀ ਗੁਰੂ ਘਰ ਦੇ ਅਨੇਕਾਂ ਕਾਰਜਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਇਆ ਹੈ। ਆਉਣ ਵਾਲੇ ਸਮੇਂ ਵਿੱਚ ਇਸ ਤੋਂ ਵੀ ਵੱਧ ਯੋਗਦਾਨ ਪਾਉਣ ਦਾ ਅਦਾਰੇ ਵਲੋਂ ਵਿਸ਼ਵਾਸ਼ ਦਿਵਾਇਆ ਗਿਆ। ਗੁਰੂ ਘਰ ਵਲੋਂ ਜਸਵਿੰਦਰ ਸਿੰਘ ਜੌਹਲ ਅਤੇ ਦੀਪਕ ਭਾਰਦਵਾਜ਼ ਨੂੰ ਸਿਰੋਪਾਉ ਨਾਲ ਸਨਮਾਨਤ ਕੀਤਾ ਗਿਆ। ਗੁਰੂ ਘਰ ਦੇ ਸਕੱਤਰ ਪਰਮਜੀਤ ਫਿਲੌਰ ਅਤੇ ਚਰਨਜੀਤ ਸਿੰਘ ਝੱਲੀ ਨੇ ਜਿੱਥੇ ਸਟੇਜ਼ ਦੀ ਸੇਵਾ ਬਾਖੂਬੀ ਨਿਭਾਈ ਉੱਥੇ ਨਾਲ ਬਾਬਾ ਮੰਗੂਰਾਮ ਮੁਗੋਵਾਲੀਆ ਜੀ ਦੇ ਜੀਵਨ ਬਾਰੇ ਵੀ ਸਮੇਂ ਸਮੇਂ ਤੇ ਸੰਗਤਾਂ ਨਾਲ ਵਿਸ਼ੇਸ਼ ਸਾਂਝ ਪਾਈ।

ਗੁਰੂ ਘਰ ਦਾ ਦਸੰਬਰ ਤੋਂ ਲੈ ਕੇ 31 ਮਾਰਚ ਤੱਕ ਤਿੰਨ ਮਹੀਨੇ ਦਾ ਹਿਸਾਬ ਸੰਗਤ ਦੇ ਸਪੁਰਦ ਕੀਤਾ ਗਿਆ। ਹਿਸਾਬ ਦੀ ਕਾਪੀ ਗੁਰੂ ਘਰ ਦੇ ਨੋਟਿਸ ਬੋਰਡ ਤੇ ਵੀ ਲਿਗਾ ਦਿੱਤੀ ਗਈ।

ਗੁਰੂ ਦੇ ਲੰਗਰ ਸਾਰਾ ਦਿਨ ਅਟੁੱਟ ਵਰਤਦੇ ਰਹੇ। ਗੁਰੂ ਘਰ ਵਿੱਚ ਹੋਏ ਇਸ ਪ੍ਰੋਗਰਾਮ ਦਾ ਸੰਗਤਾਂ ਨੇ ਗੁਰੂ ਦੀ ਗੋਦ ਵਿੱਚ ਜੁੜ ਕੇ ਅਨੰਦ ਮਾਣਿਆ।



# ਨਿਊਯਾਰਕ ਵਿਖੇ ਡਾ.ਅੰਬੇਦਕਰ ਜੀ ਦਾ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ

## ਸੰਵਿਧਾਨ ਮਾੜਾ ਨਹੀਂ ਲਾਗੂ ਕਰਨ ਵਾਲੇ ਬੇਈਮਾਨ ਨਿਕਲੇ- ਡਾ. ਵਿਰਦੀ






















ਨਿਊਯਾਰਕ- ਅੱਜ ਇੱਥੇ ਬੇਗਮਪੁਰਾ ਕਲਚਰਲ ਸੁਸਾਇਟੀ ਨਿਊਯਾਰਕ ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬਾਬਾ ਸਾਹਿਬ ਅੰਬੇਦਕਰ ਜੀ ਦਾ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਫਾਈਵ ਸਟਾਰ ਦੇ ਖ਼ੂਬਸੂਰਤ ਹਾਲ ਵਿਖੇ ਭਾਰੀ ਗਿਣਤੀ ਵਿੱਚ ਇਕੱਤਰ ਹੋਏ ਮੂਲ ਭਾਰਤੀਆਂ ਨੂੰ ਭਾਰਤ ਤੋਂ ਆਏ ਵਿਸ਼ੇਸ਼ ਮਹਿਮਾਨ ਉੱਘੇ ਲੇਖਕ ਤੇ ਚਿੰਤਕ ਡਾ. ਐਸ ਐਲ ਵਿਰਦੀ ਐਡਵੋਕੇਟ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੇ ਭਾਰਤੀ ਸੰਵਿਧਾਨ ਦੇ ਹਵਾਲੇ ਦਿੰਦਿਆਂ ਕਿਹਾ ਕਿ ਦੇਸ਼ ਦੇ ਆਗੂ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੇ ਹਨ।

ਡਾ. ਅੰਬੇਦਕਰ ਨੇ ਸਮਾਜਵਾਦੀ ਸੰਵਿਧਾਨਕ ਢਾਂਚੇ ਦੀ ਰਚਨਾ ਕੀਤੀ। ਡਾ. ਅੰਬੇਦਕਰ ਦੇ ਲੋਕ ਤੰਤਰੀ ਸੰਵਿਧਾਨ ਕਰਕੇ ਅੱਜ ਭਾਰਤ ਦਾ ਨਾਮ ਸੰਸਾਰ ਪੱਧਰ ਤੇ ਚਮਕਦਾ ਹੈ । ਇਸ ਲਈ ਸੰਵਿਧਾਨ ਮਾੜਾ ਨਹੀਂ ਲਾਗੂ ਕਰਨ ਵਾਲੇ ਬੇਈਮਾਨ ਨਿਕਲੇ ਭਾਰਤੀ ਰਾਜਨੀਤੀ ਸਵਾਰਥ ਦੇ ਸਿਖਰਾਂ ਉੱਤੇ ਪਹੁੰਚ ਗਈ ਹੈ। ਸਰਕਾਰ ਬਣਾਉਣ ਲਈ ਸਭ ਪਾਰਟੀਆਂ ਅਸੂਲਾਂ ਨੂੰ ਛਿੱਕੇ ਟੰਗ ਦਿੰਦੀਆਂ ਹਨ। ਧੋਖਾ ਧੜੀ ਮੱਕਾਰੀ ਫ਼ਰੇਬ ਅੱਜ ਦੀ ਰਾਜਨੀਤੀ ਦਾ ਰਾਜ ਹੈ। ਆਗੂ ਤੇ ਅਫਸਰ ਸਭ ਭਰਿਸ਼ਟਾਚਾਰ ਵਿੱਚ ਲਿਪਤ ਹਨ। ਅਜ਼ਾਦੀ ਦੇ ਪੈਂਹਠ ਸਾਲ ਬਾਅਦ ਵੀ ਚਾਲੀ ਕਰੋੜ ਲੋਕ ਭੁੱਖੇ ਸੌਂਦੇ ਹਨ। ਇਲਾਜ ਥੁੜੋਂ ਲੋਕ ਮਰ ਰਹੇ ਹਨ, ਜਦਕਿ ਭਰਿਸ਼ਟ ਆਗੂਆਂ ਤੇ ਅਫਸਰਾਂ ਨੇ ਲੱਖਾਂ ਕਰੋੜਾਂ ਦਾ ਕਾਲਾ ਧਨ ਵਿਦੇਸ਼ੀ ਬੈਂਕਾਂ ਵਿੱਚ ਜਮਾਂ ਕੀਤਾ ਹੋਇਆ ਹੈ। ਡਾ. ਵਿਰਦੀ ਨੇ ਜ਼ੋਰ ਦੇ ਕੇ ਕਿਹਾ ਕਿ ਦੇਸ਼ ਵਿੱਚ ਅਮੀਰੀ ਦੀ ਰੇਖਾ ਵੀ ਨਿਸ਼ਚਿਤ ਹੋਣੀ ਚਾਹੀਦੀ ਹੈ। ਭਰਿਸ਼ਟ ਆਗੂਆਂ ਤੇ ਅਫ਼ਸਰਾਂ ਦੀ ਜਾਇਦਾਦ ਜਬਤ ਕਰਕੇ ਉਹਨਾਂ ਨੂੰ ਜ਼ੇਹਲਾਂ ਵਿੱਚ ਬੰਦ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਉੱਘੇ ਲੇਖਕ ਤੇ ਚਿੰਤਕ ਬਲਵਿੰਦਰ ਭੌਰਾ ਦੇ ਡਾ. ਅੰਬੇਦਕਰ ਦੇ ਮਿਸ਼ਨ ਸੰਬੰਧੀ ਲਿਖੇ ਹੋਏ ਗੀਤਾਂ ਨੂੰ ਉੱਘੇ ਗਾਇਕ ਸੁਰਿੰਦਰ ਸ਼ਿਦਾ ਨੇ ਗਾ ਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਸਮਾਗਮ ਨੂੰ ਸਰਵ ਸ੍ਰੀ ਦੇਵ ਭੱਟੀ ਆਗੂ ਇੰਟਰਨੈਸ਼ਨਲ ਅੰਬੇਦਕਰ ਮਿਸ਼ਨ ਕਨੇਡਾ, ਮੈਡਮ ਹਰਵਿੰਦਰ ਕੌਰ ਆਗੂ ਪੈਗ਼ਾਮ, ਸ੍ਰੀ ਹਰਵਿੰਦਰ ਰਿਆੜ ਟੀ.ਵੀ ਹੋਸਟ ਤੇ ਰਾਈਟਰ ਵੀਕਲੀ ਦੇ ਸੰਪਾਦਕ, ਸ੍ਰੀ ਵੀ. ਕੇ ਚੌਧਰੀ ਆਗੂ ਵਿਜਨ ਅਮਰੀਕਾ, ਸ੍ਰੀ ਸੁਰਿੰਦਰ ਸਿੰਘ ਫ਼ੌਜੀ ਚੇਅਰਮੈਨ ਬਾਲਮੀਕ ਸਭਾ ਨਿਊਯਾਰਕ ਦੇ ਬੇਟੇ ਸੁਵਿੰਦਰ ਸਿੰਘ ਭਗਾਣੀਆਂ ਨੇ ਵੀ ਵਧਾਈ ਦਿੱਤੀ, ਸ੍ਰੀ ਪਿੰਦਰ ਪਾਲ ਮੁੱਖ ਸਲਾਹਕਾਰ ਬੇਗ਼ਮਪੁਰਾ ਕਲਚਰਲ ਸੁਸਾਇਟੀ, ਸ੍ਰੀ ਬਲਬੀਰ ਚੰਦ ਚੁੰਬਰ ਸਾਬਕਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ, ਸ੍ਰੀ ਮੱਖਣ ਸਿੰਘ ਲੋਟੀ ਆਂ ਪ੍ਰਧਾਨ ਬਾਲਮੀਕ ਸਭਾ ਨਿਊਯਾਰਕ, ਸ੍ਰੀ ਪਾਲ ਬੰਗਾ ਅੰਬੇਦਕਰ ਮਿਸ਼ਨਰੀ, ਪੰਜਾਬੀ ਗਾਇਕ ਲਖਵਿੰਦਰ ਲੱਕੀ, ਮੇਸ਼ੀ ਬੰਗੜ, ਅਮਰਜੀਤ ਰਮਤਾ, ਰਾਜ ਕੁਮਾਰ ਹਨੇਰਾ ਕਾਮੇਡੀਅਨ, ਕਵੀ ਸੋਹਣ ਸਿੰਘ ਨਿਊਯਾਰਕ ਆਦਿ ਨੇ ਸੰਬੋਧਨ ਕੀਤਾ। ਇਸ ਪ੍ਰੋਗਰਾਮ ਦੇ ਮੁੱਖ ਪ੍ਰਯੋਜਕ ਸ੍ਰੀ ਸੁਰਿੰਦਰ ਸਿੰਘ ਫ਼ੌਜੀ, ਨਰੇਸ਼ ਕੁਮਾਰ ਬਿੱਟੂ, ਗੁਰਮੇਲ ਸਿੰਘ ਚੁੰਬਰ, ਲੱਡੂ ਸ਼ਾਹ, ਮੰਗਤ ਰਾਮ, ਕਸ਼ਮੀਰ ਚੰਦ ਬਿਰਕਾਂ ਵਾਲੇ, ਸ੍ਰੀ ਅਸ਼ੋਕ ਮਾਹੀਂ, ਸੁਰਿੰਦਰ ਪਾਲ ਜੁਗਨੂੰ, ਜਸਵਿੰਦਰ ਸਿੰਘ ਮਹੇ, ਪਰਮਜੀਤ ਤੇ ਕੁੰਦਨ ਲਾਲ ਸੰਗਲ ਸੋਹਲ, ਹਰਬਲਾਸ ਰਾਮ ਲਾਲੀ, ਗੁਰਮੇਜ ਪਾਲ , ਬਿਸ਼ੰਬਰ ਦਾਸ, ਸ੍ਰੀ ਕੁਲਵਿੰਦਰ ਸਿੰਘ ਭੂਖੜੀ, ਵਿਲੀ ਭੂਖੜੀ, ਸ੍ਰੀ ਜੀਤ ਰਾਮ ਜੈਤੇਵਾਲ, ਕਿਰਪਾਲ ਸਿੰਘ ਡੱਲੀ, ਗੁਰਦੇਵ ਸਿੰਘ, ਬਾਲੀ ਰਾਮ, ਝੱਲਮਣ ਸਿੰਘ ਅਤੇ ਫਾਈਵ ਸਟਾਰ ਡਾ.ਈਨਰ ਦੇ ਨਾਮ ਵਰਣਨਯੋਗ ਹਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਲਵਿੰਦਰ ਭੌਰਾ ਨੇ ਬਖ਼ੂਬੀ ਨਿਭਾਈ। ਅੰਤ 'ਚ ਪਰਮਜੀਤ ਕਮਾਮ ਪ੍ਰਧਾਨ ਨੇ ਆਏ ਹੋਏ ਸਾਰੇ ਮਹਿਮਾਨਾਂ ਤੇ ਸਰੋਤਿਆਂ ਧੰਨਵਾਦ ਕੀਤਾ।

# ਕੁੱਝ ਨਵਾਂ ਕਰਨ ਦੀ ਆਸ ਨਾਲ ਪੰਜਾਬੀ ਸਾਹਿਤ ਸਭਾ ਕੈਲੇਫ਼ੋਰਨੀਆ ਨੂੰ ਅਲਵਿਦਾ

ਬੇ ਏਰੀਆ- ਸਾਹਿਤਕ ਹਲਕਿਆਂ ਵਿੱਚ ਇਹ ਖ਼ਬਰ ਬੜੇ ਉਤਸ਼ਾਹ ਅਤੇ ਸ਼ਿੱਦਤ ਨਾਲ ਪੜ੍ਹੀ ਜਾਵੇਗੀ ਕਿ ਪੰਜਾਬੀ ਸਾਹਿਤ ਸਭਾ ਕੈਲੇਫ਼ੋਰਨੀਆ (ਬੇ ਏਰੀਆ ਯੂਨਿਟ) ਦੇ ਪ੍ਰਧਾਨ, ਕੁਲਦੀਪ ਸਿੰਘ ਢੀਂਡਸਾ ਵੱਲੋ 'ਇੰਟਰਨੇਸ਼ਨਲ ਸਿੱਖ ਸਾਹਿਤ ਸਭਾ' ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਗਿਆ ਹੈ। ਕੁਲਦੀਪ ਸਿੰਘ ਢੀਂਡਸਾ ਦਸੰਬਰ 2010 ਵਿੱਚ ਦੋ ਸਾਲਾਂ ਲਈ ਪੰਜਾਬੀ ਸਾਹਿਤ ਸਭਾ ਕੈਲੇਫ਼ੋਰਨੀਆ (ਬੇ ਏਰੀਆ ਯੂਨਿਟ) ਦੇ ਪ੍ਰਧਾਨ ਚੁਣੇ ਗਏ ਸਨ। ਉਨ੍ਹਾਂ ਦੀ ਕਾਰ-ਜਕਾਰਨੀ ਵਿੱਚ ਡਾ. ਗੁਰਮੀਤ ਸਿੰਘ ਬਰਸਾਲ-ਮੀਤ ਪ੍ਰਧਾਨ, ਨੀਲਮ ਸੈਣੀ - ਜਨਰਲ ਸਕੱਤਰ, ਪ੍ਰਮਿੰਦਰ ਸਿੰਘ ਪਰਵਾਨਾ- ਪ੍ਰਬੰਧਕ ਅਤੇ ਮਾਲਵਿੰਦਰ ਸਿੰਘ ਮੰਡ -ਕੈਸ਼ੀਅਰ ਸਨ।

ਹਾਲ ਹੀ ਵਿੱਚ ਹੋਈ ਤਾਜ਼ਾ ਚੋਣ ਅਨੁਸਾਰ ਭਾਵੇਂ ਉਹ ਦੁਬਾਰਾ ਪ੍ਰਧਾਨ ਚੁਣੇ ਗਏ ਹਨ ਅਤੇ ਉਨ੍ਹਾਂ ਵੱਲੋ ਸਭਾ ਦੀ ਨਵੀਂ ਚੁਣੀ ਗਈ ਕਾਰਜਕਾਰਨੀ ਵੀ ਕਾਇਮ ਹੈ ਪਰ ਫਿਰ ਵੀ ਬੇਲੋੜਾ ਵਾਦ-ਵਿਵਾਦ, ਭਰਾਤਰੀ ਖਿੱਚੋਤਾਣ ਖ਼ਤਮ ਕਰਨ ਅਤੇ ਸੁਹਿਰਦਤਾ ਨਾਲ ਕੰਮ ਕਰਨ ਦੇ ਇਰਾਦੇ ਨਾਲ ਉਨ੍ਹਾ ਵੱਲੋ 'ਇੰਟਰਨੇਸ਼ਨਲ ਸਿੱਖ ਸਾਹਿਤ ਸਭਾ' ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਨਾਲ ਇਸ ਸਭਾ ਵਿੱਚ ਸ਼ਮੂਲੀਅਤ ਕਰਨ ਵਾਲੀਆਂ ਹੋਰ ਸ਼ਖਸੀਅਤਾਂ ਵਿੱਚ ਪ੍ਰਿੰਸੀਪਲ ਹਰਚਰਨ ਸਿੰਘ ਗਿੱਲ, ਡਾ. ਆਲਾ ਸਿੰਘ, ਪ੍ਰਮਿੰਦਰ ਸਿੰਘ ਪਰਵਾਨਾ, ਪਰਮਜੀਤ ਸਿੰਘ ਸੇਖੋਂ (ਦਾਖਾ), ਸੁਲਤਾਨ ਅਖਤਰ, ਧਰਮਪਾਲ ਸਿੰਘ ਉਰਫ਼ ਮਾਸਟਰ ਰੈਂਕੂ, ਪ੍ਰੋਫ਼ੈਸਰ ਸੁਖਦੇਵ ਸਿੰਘ ਗਿੱਲ, ਜਸਦੀਪ ਸਿੰਘ, ਸੁਖਵਿੰਦਰ ਸਿੰਘ ਸੰਘੇੜਾ, ਅਮਰਜੀਤ ਸਿੰਘ ਗਰੇਵਾਲ, ਸੁਦੇਸ਼ ਸਿੰਘ ਅਟਵਾਲ, ਇੱਕਬਾਲ ਸਿੰਘ ਢਿੱਲੋਂ, ਤਰਸੇਮ ਸਿੰਘ ਸੁਮਨ, ਰਣਜੀਤ ਸਿੰਘ, ਸੁਖਮਿੰਦਰ ਸਿੰਘ ਕੰਗ, ਪ੍ਰੋਫ਼ੈਸਰ ਦਵਿੰਦਰ ਸਿੰਘ, ਗੁਰਦਿਆਲ ਸਿੰਘ ਨੂਰਪੁਰੀ, ਅਵਤਾਰ ਸਿੰਘ ਮਿਸ਼ਨਰੀ, ਸਤਪਾਲ ਸਿੰਘ ਮਦਾਨ, ਹਰਬੰਸ ਸਿੰਘ ਫੁੱਲ, ਦਰਬਾਰਾ ਸਿੰਘ, ਹਰਸ਼ਿਮਰਤ ਕੌਰ, ਇੰਦਰ ਸਿੰਘ, ਹਰਜਿੰਦਰ ਸਿੰਘ ਲਾਲੀ, ਗੁਰ-ਮੀਤ ਸਿੰਘ ਅਤੇ ਰਮਨਦੀਪ ਸਿੰਘ ਦੇ ਨਾਮ ਸ਼ਾਮਲ ਹਨ। ਢੀਂਡਸਾ ਅਨੁਸਾਰ ਉਨ੍ਹਾਂ ਵੱਲੋ ਕਾਰਜਕਾਰਨੀ ਨਾਲ ਮਿਲ ਕੇ ਜਿਨਾਂ ਵੀ ਵਧੀਆ ਕੰਮ ਹੋ ਸਕਿਆ, ਕੀਤਾ। 'ਬਾਲ ਸਾਹਿਤ, ਕਲਾ ਅਤੇ ਰੰਗ-ਮੰਚ' ਸਥਾਪਿਤ ਕੀਤਾ। ਅਗਸਤ 2012 ਤੋਂ ਕੁੱਝ ਮੈਂਬਰਾਂ ਵੱਲੋ ਖਿੱਚੋਤਾਣੀ ਸ਼ੁਰੂ ਹੋਈ ਜਿਸ ਨੂੰ ਸਲਾਈਡ ਸ਼ੋਅ ਦਾ ਰੂਪ ਵੀ ਦਿੱਤਾ ਜਾ ਸਕਦਾ ਹੈ। ਕਾਰਜਕਾਰਨੀ ਵੱਲੋ ਗੁਰਦਵਾਰਾ ਸ਼ੈਨਹੋਜੇ ਦੀ ਪ੍ਰਬੰਧਕ ਕਮੇਟੀ, ਸਰਹਿੰਦ ਦੀਆਂ ਸੰਗਤਾਂ, ਬੱਚਿਆਂ ਅਤੇ ਮਾਪਿਆਂ ਦੇ ਸਹਿਯੋਗ ਨਾਲ 'ਨਿੱਕੀਆਂ ਜਿੰਦਾਂ ਵੱਡਾ ਸਾਕਾ-ਸਾਕਾ ਸਰਹਿੰਦ ' ਇੱਕ ਇਤਿਹਾਸਕ ਰੂਪਕ ਅਮਰੀਕਨ ਸਿੱਖ ਬੱਚਿਆਂ ਰਾਹੀ ਤਿਆਰ ਕਰਵਾ ਕੇ ਉੱਤਰੀ ਅਮਰੀਕਾ ਦੇ ਪੰਜ ਵੱਖੋ-ਵੱਖ ਸ਼ਹਿਰਾਂ ਵਿੱਚ ਖੇਡਿਆ ਗਿਆ ਜਿਸ ਦੀ ਮੀਡੀਏ ਵੱਲੋਂ ਸੰਸਾਰ ਪੱਧਰ ਤੇ ਭਰਪੂਰ ਸ਼ਲਾਘਾ ਕੀਤੀ ਗਈ ਹੈ ਅਤੇ ਜਿਸ ਨੂੰ ਆਮ ਲੋਕਾਂ ਨੇ ਵੀ ਰੱਜ ਕੇ ਸਲਾਹਿਆ ਹੈ। ਪਰੰਤੂ ਪੰਜਾਬੀ ਸਾਹਿਤ ਸਭਾ ਕੈਲੇਫ਼ੋਰਨੀਆ ਦੇ ਕੁੱਝ ਹੈਂਕੜਬਾਜ਼ ਕਾਰਕੁਨਾਂ ਵੱਲੋ ਇਸ ਨੂੰ ਸਭਾ ਦਾ ਅੰਗ ਬਣਾਏ ਜਾਣ ਤੋ ਨਿਕਾਰਿਆ ਗਿਆ ਹੈ। ਪਹਿਲਾਂ ਇਸ ਦੀ ਸ਼ਲਾਘਾ ਕਰਕੇ ਅਤੇ ਵਾਹ ਵਾਹ ਖੱਟ ਕੇ ਹੁਣ ਨਿੰਦਾ ਵਾਲਾ ਰਵੱਇਆ ਅਖ਼ਤਿਆਰ ਕੀਤਾ ਗਿਆ ਹੈ ਜਿਸ ਨਾਲ ਹਰ ਪੜ੍ਹਨ, ਸੁਣਨ ਵਾਲੇ, ਬੱਚਿਆਂ ਅਤੇ ਮਾਪਿਆਂ ਦੇ ਮਨ ਨੂੰ ਠੇਸ ਪਹੁੰਚੀ ਹੈ। 'ਬਾਲ-ਸਾਹਿਤ ਕਲਾ ਰੰਗ-ਮੰਚ' ਨੇ ਵੀ ਪੰਜਾਬੀ ਸਾਹਿਤ ਸਭਾ ਕੈਲੇਫ਼ੋਰਨੀਆ ਨਾਲੋ ਆਪਣਾ ਨਾਤਾ ਤੋੜ ਲਿਆ ਹੈ। ਹੋਰ ਵਧੇਰੇ ਜਾਣਕਾਰੀ ਲਈ 510 774 5909 ਅਤੇ 510 676 4440 ਤੇ ਸੰਪਰਕ ਕੀਤਾ ਜਾ ਸਕਦਾ ਹੈ।

# "ਧਨੀ ਪਿੰਡ ਸਕੂਲ 'ਚ ਵਿਸ਼ਵ ਸਿਹਤ, ਧਰਤੀ, ਜਲ ਬਚਾਓ ਦਿਵਸ ਮਨਾਇਆ"

## ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਤੇ ਚਾਰਟ ਮੇਕਿੰਗ ਮੁਕਾਬਲਿਆਂ ਦਾ ਆਯੋਜਨ



ਫਗਵਾੜਾ, (ਬੀ. ਕੇ. ਰੱਤੁ) ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਕੂਲੀ ਬੱਚਿਆਂ ਵਿੱਚ ਵਿਸ਼ਵ ਸਿਹਤ, ਧਰਤੀ ਦੀ ਸਾਂਭ ਸੰਭਾਲ ਅਤੇ ਜਲ ਬਚਾਉਣ ਲਈ ਜਾਗ੍ਰਿਤੀ ਪੈਦਾ ਕਰਨ ਦੇ ਮਨਸ਼ੇ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਚ' ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ) ਅਤੇ ਈਕੋ ਕਲੱਬ ਦੇ ਸਹਿਯੋਗ ਨਾਲ ਵਿਸ਼ਵ ਸਿਹਤ ਦਿਵਸ, ਵਿਸ਼ਵ ਧਰਤੀ ਦਿਵਸ ਅਤੇ ਵਿਸ਼ਵ ਜਲ ਬਚਾਓ ਦਿਵਸ ਮਨਾਉਣ ਸਮੇਂ ਬੱਚਿਆ ਦੇ ਭਾਸ਼ਣ ਮੁਕਾਬਲਿਆਂ ਅਤੇ ਚਾਰਟ ਮੇਕਿੰਗ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ।

ਇਹਨਾਂ ਮੁਕਾਬਲਿਆਂ ਵਿੱਚ ਸਕੂਲ ਦੇ 6ਵੀਂ ਤੋਂ 12ਵੀਂ ਤੱਕ ਦੇ ਲੱਗਪੱਗ 100 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਵਿਦਿਆਰਥੀਆਂ ਨੇ ਧਰਤੀ ਦੀ ਸਾਂਭ ਸੰਭਾਲ, ਪਾਣੀ ਦੀ ਸੁਜੱਚੀ ਵਰਤੋਂ ਅਤੇ ਨਰੋਈ ਤੰਦਰੁਸਤ ਸਿਹਤ ਸਬੰਧੀ ਜਾਣਕਾਰੀ ਸਾਂਝੀ ਕੀਤੀ। ਭਾਸ਼ਣ ਮੁਕਾਬਲਿਆਂ ਵਿੱਚ ਜੀਨਤ,ਬੌਬੀ ਅਤੇ ਰਾਹੁਲ ਮਹਿਰਾ ਨੇ ਕ੍ਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾ ਚਾਰਟ ਮੇਕਿੰਗ ਮੁਕਾਬਲਿਆਂ ਵਿੱਚੋਂ ਅਮਨ ਨੇ ਪਹਿਲਾ, ਰਿਸ਼ਨੂੰ ਨੇ ਦੂਜਾ ਅਤੇ ਕਰਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਜੇਤੂ ਵਿਦਿਆਰਥੀਆਂ ਨੂੰ ਇਨਾਮ ਦੀ ਵੰਡ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ ਨੇ ਕੀਤੀ। ਸਮਾਗਮ ਦੌਰਾਨ ਪ੍ਰਿੰਸੀਪਲ ਹਰਮੇਸ ਲਾਲ ਘੇੜਾ,ਲੈਕ. ਵਿੱਦਿਆ ਸਾਗਰ, ਲੈਕ.ਹਰਜੀਤ ਸਿੰਘ,ਈਕੋ ਕਲੱਬ ਦੇ ਇੰਚਾਰਜ ਅਮਰਜੀਤ ਸਿੰਘ, ਅਤੇ ਮੁਨੀਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਮਨਾਏ ਦਿਵਸਾਂ ਸਬੰਧੀ ਭਰਪੂਰ ਜਾਣਕਾਰੀ ਦਿੱਤੀ।ਇਸ ਮੌਕੇ ਤੇ ਸਕੂਲ ਦੇ ਸਮੂਹ ਅਧਿਆਪਕ ਸ਼੍ਰੀ ਅਮਰਦੀਪ ਜੂੱਖ, ਸ਼੍ਰਮਤੀ ਅਨੀਤਾ ਰਾਣੀ, ਸ਼੍ਰੀਮਤੀ ਰੀਤਾ ਰਾਣੀ, ਸ਼੍ਰੀ ਜਸਵਿੰਦਰ ਸਾਂਪਲਾ, ਸ਼੍ਰੀਮਤੀ ਜਸਵੀਰ ਕੌਰ, ਸ਼੍ਰੀਮਤੀ ਰਜਨੀ ਸੂਦ, ਰਜਿੰਦਰ ਕੁਮਾਰੀ ਅਤੇ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀ ਸਨ।

# ਬਸਪਾ ਨੂੰ ਝਟਕਾ ਸੱਤਪਾਲ ਵਿਰਕ ਸੈਂਕੜੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



ਫਗਵਾੜਾ, (ਬੀ. ਕੇ. ਰੱਤੂ) ਸ਼੍ਰੋਮਣੀ ਅਕਾਲੀ ਦਲ (ਬ) ਨੂੰ ਉਸ ਵੇਲੇ ਭਾਰੀ ਬੱਲ ਮਿਲਿਆ ਜਦੋਂ ਮੁੱਖ ਪਾਰਲੀਮਾਨੀ ਸਕੱਤਰ ਅਵਿਨਾਸ਼ ਚੰਦਰ ਕਲੇਰ ਦੀ ਪ੍ਰੇਰਣਾ ਸਦਕਾ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸਾਬਕਾ ਸਕੱਤਰ, ਮੈਂਬਰ ਬਲਾਕ ਸੰਮਤੀ ਤੇ ਵਿਰਕਾਂ ਦੇ ਮੌਜੂਦਾ ਸਰਪੰਚ ਸੱਤਪਾਲ ਵਿਰਕ ਨੇ ਬਸਪਾ ਨੂੰ ਅਲਵਿਦਾ ਆਖਦਿਆਂ ਆਪਣੇ ਸੈਂਕੜੇ ਵਰਕਰਾਂ ਸਮੇਤ ਅਕਾਲੀ ਦਲ 'ਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਪਿੰਡ ਵਿਰਕਾਂ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਸਰਪੰਚ ਸੱਤਪਾਲ ਵਿਰਕ, ਨਿਰਮਲ ਅਨੀਰ ਸਾਬਕਾ ਸਰਪੰਚ, ਸ਼ਿੰਦਰਪਾਲ ਸਰਪੰਚ, ਯੂਥ ਆਗੂ ਮਨੋਹਰ ਨਿੰਮਾ, ਡਾ. ਹਰਮੇਸ਼ ਲਾਲ, ਹਰਨਾਮ ਦਾਸ, ਸੁਰਿੰਦਰ ਸਿੰਘ, ਹਰਮੇਸ਼ ਲਾਲ ਸਾਰੇ ਸਾਬਕਾ ਪੰਚ, ਮਹਿੰਦਰ ਸਿੰਘ ਸਰਹਾਲ ਮੰਡੀ, ਹਰਮੇਸ਼ ਸਿੰਘ ਸਰਹਾਲ ਮੰਡੀ, ਠੇਕੇਦਾਰ ਜਸਪਾਲ, ਦਰਸ਼ਨ ਸਿੰਘ, ਬਿੱਟੂ ਠੇਕੇਦਾਰ ਆਦਿ ਤੋਂ ਇਲਾਵਾ ਸੈਂਕੜੇ ਸਾਥੀਆਂ ਦਾ ਅਕਾਲੀ ਦਲ 'ਚ ਸ਼ਾਮਿਲ ਹੋਣ ਤੇ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਕਲੇਰ ਨੇ ਭਰਵਾਂ ਸਵਾਗਤ ਕੀਤਾ ਅਤੇ ਸਿਰੋਪੇ ਦੇ ਕੇ ਸਨਮਾਨਿਤ ਕੀਤਾ। ਭਾਰੀ ਇੱਕਠ ਨੂੰ ਸੰਬੋਧਨ ਕਰਦਿਆਂ ਅਵਿਨਾਸ਼ ਚੰਦਰ ਕਲੇਰ ਨੇ ਕਿਹਾ ਕਿ ਜਿੱਥੇ ਸੱਤਪਾਲ ਵਿਰਕ ਦੇ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਅਕਾਲੀ ਨੂੰ ਭਾਰੀ ਬੱਲ ਮਿਲਿਆ ਹੈ ਉੱਥੇ ਹੀ ਹਲਕੇ ਵਿੱਚੋਂ ਕਾਂਗਰਸ ਦਾ ਸਫਾਇਆ ਤੈਅ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸੱਤਪਾਲ ਵਿਰਕ ਦਾ ਪਾਰਟੀ ਵਿੱਚ ਪਹਿਲਾਂ ਨਾਲੋਂ ਵੱਧ ਸਤਿਕਾਰ ਮਿਲੇਗਾ।

# ਇੰਗਲੈਂਡ ਨੇ ਮਨੁੱਖਤਾ ਦੇ ਹੱਕ ਵਿਚ ਸਿਰਜਿਆ ਇਤਿਹਾਸ



**ਮਾਧੋਬਲਵੀਰਾ ਬਲਵੀਰ ਸਿੰਘ ਸੰਧੂ ਯੂ ਕੇ**

ਇੰਗਲੈਂਡ ਦਾ ਸਵਿਧਾਨ ਕਨੂੰਨਾਂ ਅਤੇ ਸਿਧਾਤਾਂ ਦਾ ਉਹ ਦਸਤਾਵੇਜ ਹੈ ਜਿਸ ਤਹਿਤ ਇਹ ਦੇਸ਼ ਰਾਜ ਕਰਦਾ ਹੈ। ਬ੍ਰਿਟਨ ਇਕ ਅਜਿਹਾ ਦੇਸ਼ ਹੈ ਜਿਸ ਨੇ ਤਕਰੀਬਨ ਸਾਰੀ ਧਰਤੀ ਤੇ ਰਾਜ ਕੀਤਾ ਹੈ ਅਤੇ ਅੱਜ ਵੀ ਆਪਣੇ ਆਪ ਵਿਚ ਇਕ ਬੇ-ਮਸਾਲ ਹੈ। ਜਿਸ ਨੇ ਭਾਰਤ ਤੇ ਵੀ ਰਾਜ ਕੀਤਾ ਹੈ ਇਸ ਤੋਂ ਹਰ ਕੋਈ ਜਾਣੂ ਹੈ। ਇਹ ਦੇਸ਼ ਜੋਕਿ ਮੌਲਿਕ ਅਧਿਕਾਰਾਂ ਦਾ ਮੂਲ ਲੋਕਤੰਤਰ ਦੇਸ਼ ਮੰਨਿਆ ਜਾਂਦਾ ਹੈ। ਇਸ ਕਰਕੇ ਹੀ ਤਾਂ ਭਾਰਤੀ ਸੰਵਿਧਾਨ ਵਿਚ ਨਾਗਰਿਕ ਦੇ ਮੌਲਿਕ ਅਧਿਕਾਰਾਂ ਨੂੰ (ਜੋ ਕਿ ਇੰਗਲੈਂਡ ਦੇ ਸੰਵਿਧਾਨ ਵਿਚੋਂ ਹੀ ਲਏ ਸਨ) ਪਹਿਲ ਦਿੱਤੀ ਹੋਈ ਹੈ ਜੋ ਕਿ ਅੱਜ ਤੱਕ ਬਰਕਰਾਰ ਹਨ। ਪਰ ਬੜੇ ਦੁੱਖ ਦੀ ਗਲ ਹੈ ਕਿ ਇਨ੍ਹਾਂ ਮੌਲਿਕ ਅਧਿਕਾਰਾਂ ਨੂੰ ਭਾਰਤ ਵਿਚ ਪੂਰੀ ਤਰਾਂ ਲਾਗੂ ਨਹੀ ਕੀਤਾ ਜਾਂਦਾ ਜਿਸਦਾ ਨਤੀਜਾ ਕਿ ਭਾਰਤ ਵਿਚ ਅਜੇ ਵੀ ਆਦੀਵਾਸੀ ਭਾਰਤੀਆਂ ਦੇ ਨਾਲ ਜਾਤੀ ਵਿਤਕਰਾ ਹੋ ਰਿਹਾ ਸੀ ਅਤੇ ਹੈ। ਭਾਰਤ ਵਿਚ ਜੋ ਲੋਗ ਆਪਣੇ ਆਪ ਨੂੰ ਉਚ ਜਾਤੀ ਜਾਂ ਬੜੇ ਵੱਡੇ ਧਰਮੀ ਸਮਝਦੇ ਹਨ, ਉਨ੍ਹਾਂ ਵਲੋਂ ਵੱਖ ਵੱਖ ਸਾਜਸ਼ਾਂ ਰਾਹੀਂ ਜਾਤੀ ਵਿਤਕਰਾ ਬੜੀ ਹੀ ਜ਼ਾਲਮਤਾ ਅਤੇ ਬੇ-ਰਹਿਮੀ ਨਾਲ ਕੀਤਾ ਜਾਂਦਾ ਸੀ ਅਤੇ ਕੀਤਾ ਵੀ ਜਾ ਰਿਹਾ ਹੈ। ਅਜਿਹਾ ਕੋਹੜ ਭਾਰਤ ਵਿਚ ਤਾਂ ਹੈ ਹੀ ਸੀ ਪਰ ਇੰਗਲੈਂਡ ਦੀ ਧਰਤੀ ਉਪਰ (ਜੋ ਕਿ ਲੋਕਤੰਤਰ ਦੀ ਮਾਂ ਵਜੋਂ ਜਾਣੀ ਜਾਂਦੀ ਹੈ) ਵੀ ਇਸ ਜ਼ਾਲਮ ਕੋਹੜ ਨੂੰ ਫੈਲਾਣ ਵਿਚ ਫ਼ਿਕਾਪਰਸਤ ਲੋਕ ਕੋਈ ਵੀ ਕਸਰ ਨਹੀਂ ਛੱਡ ਰਹੇ। ਜਿਸ ਕਾਰਨ ਇੰਗਲੈਂਡ ਵਿਚ ਵੱਸਦੇ ਭਾਰਤੀ ਦਲਿਤ ਲੋਗਾਂ ਨੂੰ ਸਕੂਲਾਂ, ਦਫਤਰਾਂ ਅਤੇ ਧਾਰਮਿਕ ਅਸਥਾਨਾਂ ਤੇ ਇਸ ਕੋਹੜ ਦਾ ਸ਼ਿਕਾਰ ਹੋਣਾ ਪੈ ਰਿਹਾ ਸੀ ਅਤੇ ਹੈ। ਇਸ ਕੋਹੜ ਨੂੰ ਨੱਥ ਪਾਣ ਲਈ ਦਲਿਤ ਸਮਾਜ ਦੇ ਪੜੇ-ਲਿਖੇ, ਸਮਝਦਾਰ ਅਤੇ ਹੌਂਸਲਾ ਬੁਲੰਦ ਸੱਜਣਾਂ ਨੇ ਮੁਹਿਮ ਸ਼ੁਰੂ ਕੀਤੇ ਤੇ ਅੰਗਰੇਜ ਸਰਕਾਰ ਦੇ ਦਰਵਾਜੇ ਜਾਅ ਖੜਕਾਏ। ਇਸ ਕੋਹੜ ਨੂੰ ਖਤਮ ਕਰਨ ਲਈ ਅੰਗਰੇਜ਼ ਸਰਕਾਰ ਨੇ ਬਹੁਤ ਹੀ ਸਹੀ ਢੰਗ ਨਾਲ ਅੰਜ਼ਾਮ ਦੇਣ ਲਈ ਇਕ ਬਹੁਤ ਹੀ ਦਰੁਸਤ ਨੀਤੀ ਅਧੀਨ ਇਕੁਏਲਟੀ ਐਕਟ ਵਿਚ ਸੋਧ ਕਰਦੇ ਹੋਏ ਅਮਲੀ ਰੂਪ ਦੇਣ ਲਈ 4 ਮਾਰਚ 2013 ਨੂੰ ਹਾਊਸ ਆਫ ਲਾਰਡ ਵਲੋਂ ਭਾਰੀ ਬਹੁਮੱਤ ਨਾਲ ਪਾਰਲੀਮੈਂਟ ਦੇ ਹਾਊਸ ਆਫ ਕਾਮਨਜ ਵਿਚ (16 ਅਪ੍ਰੈਲ 2013 ਨੂੰ ਮੱਤਦਾਨ ਪ੍ਰਕਿਰਿਆ ਰਾਹੀਂ) ਪਾਸ ਕਰਨ ਲਈ ਭੇਜ ਦਿਤਾ ਗਿਆ। ਪਰ ਬਦਕਿਸਮਤੀ ਨਾਲ ਇਹ ਬਿਲ 64 ਵੋਟਾਂ ਦੀ ਘਾਟ ਕਾਰਨ ਫੇਲ ਹੋ ਗਿਆ। ਇਕੁਏਲਟੀ? ਜੋ-ਸਵਿਨਸਨ ? ਮੰਤਰੀ ਅਨੁਸਾਰ ਇਸ ਬਿਲ ਨੂੰ ਪਾਸ ਕਰਨ ਨਾਲ ਹਾਲਾਤ ਵਿਗੜ ਸਕਦੇ ਹਨ।" ਯਾਦ ਰਹੇ ਕਿ ਇਸ ਦਿਨ ਯੂ ਕੇ ਦੇ ਸਾਰੇ ਹੀ ਸੱਜਣਾਂ (ਜਵਾਨਾਂ, ਬੰਦਿਆਂ ਅਤੇ ਔਰਤਾਂ) ਤੇ ਵੱਖ-ਵੱਖ ਸਭਾਵਾਂ ਨੇ ਪਰਲੀਮੈਂਟ ਦੇ ਸਾਹਮਣੇ ਬੜੇ ਹੀ ਜੋਰਾਂ-ਸ਼ੋਰਾਂ ਨਾਲ ਇਸ ਬਿਲ ਦੀ ਮੰਜ਼ੂਰੀ ਵਿਚ ਪਰੋਟੈਸਟ ਕਰਦਿਆਂ ਹੋਇਆਂ ਬਹੁਤ ਹੀ ਉਦਮ ਦਿਖਾਂਦਿਆ ਸੀ, ਜੋਕਿ ਬਹੁਤ ਹੀ ਸ਼ਲਾਘਾਯੋਗ ਸੀ। ਇਸ ਬਿਲ ਦੀ ਨਿਰਾਸ਼ਤਾ ਤੋ ਇਹ ਸਾਬਤ ਹੋਇਆ ਸੀ ਕਿ ਅਜੇ ਇਥੋਂ ਦੀ ਸਰਕਾਰ ਨੂੰ ਸ਼ਇਦ ਪੂਰੀ ਜਾਣਕਾਰੀ ਨਹੀ ਮਹਿਸੂਸ ਹੋਈ ਜਿਸ ਕਰਕੇ ਇਹ ਬਿਲ ਪਾਸ ਨਹੀਂ ਹੋ ਸਕਿਆ। ਜਾਂ ਫਿਰ ਫਿਰਕਾਪ੍ਰਸਤ ਲੋਕਾਂ ਦੇ ਧੜ੍ਹੇ ਚੜ੍ਹ ਗਿਆ। ਇਸ ਬਿਲ ਦੀ ਅਪ੍ਰਵਾਨਗੀ ਨੂੰ ਦੇਖਦਿਆਂ ਹੋਇਆਂ ਇੰਗਲੈਂਡ ਦੇ ਸਭ ਦਲਿਤਾਂ ਨੇ ਇਹ ਇਰਾਦਾ ਕਰ ਲਿਆ ਸੀ ਕਿ ਜਿਨ੍ਹਾਂ ਚਿਰ ਇਹ ਬਿਲ ਪਾਸ ਨਹੀਂ ਹੋਵੇਗਾ ਉਨ੍ਹਾਂ ਚਿਰ ਸਾਡਾ ਸੰਘਰਸ਼ ਜਾਰੀ ਰਹੇਗਾ।

ਹਾਊਸ ਆਫ ਕਾਮਨਸ ਦੀ ਇਸ ਬਿਲ ਦੀ ਅਪ੍ਰਵਾਨਗੀ ਨੂੰ ਦੇਖਦੇ ਹੋਏ ਹਾਊਸ ਆਫ ਲਾਰਡਜ ਨੇ ਮਨੁੱਖੀ ਅਧਿਕਾਰਾਂ ਦੀ ਪ੍ਰਿਭਾਸ਼ਾ ਰਾਹੀਂ ਜਾਤੀਵਾਦੀਆਂ ਨੂੰ ਨੱਥ ਪਾਣ ਲਈ ਫਿਰ ਇਕ ਹਫਤੇ ਦੇ ਅੰਦਰ ਹੀ ਦਵਾਰਾ (ਜਾਣੀ ਕਿ 22 ਅਪ੍ਰੈਲ 2013 ਨੂੰ) ਇਸ ਬਿਲ ਨੂੰ ਪ੍ਰਵਾਨਗੀ ਦਵਾਣ ਲਈ ਪਾਸ ਕਰਕੇ 23 ਅਪ੍ਰੈਲ 2013 ਨੂੰ ਹਾਊਸ ਆਫ ਕਾਮਨਸ ਨੂੰ ਵਿਚਾਰ ਕਰਨ ਲਈ ਭੇਜ ਦਿੱਤਾ। ਇਗੰਲੈਂਡ ਵਿਚ ਵੱਸਦੇ ਸਾਰੇ ਹੀ ਦਲਿਤ ਵੱਖ ਵੱਖ ਸ਼ਹਿਰਾਂ ਤੋਂ ਕੋਚਾਂ ਭਰਕੇ ਲੰਡਨ ਪਾਰਲੀਮੈਂਟ ਦੇ ਸਾਹਮਣੇ ਇਕ ਬਹੁਤ ਹੀ ਵੱਡੇ ਹਜ਼ੂਮ ਦੇ ਰੂਪ ਵਿਚ ਇਸ ਬਿਲ ਨੂੰ ਪਾਸ ਕਰਨ ਦੇ ਹੱਕ ਵਿਚ ਉਚੀ ਉਚੀ ਨਾਹਰੇ ਲਾ ਰਹੇ ਸਨ। ਇਸ ਹਜ਼ੂਮ ਵਿਚ ਨੌਜਵਾਨ ਲੜਕੇ-ਲੜਕੀਆਂ, ਔਰਤਾਂ ਅਤੇ ਆਦਮੀ ਜੋਕਿ ਵਿਅਕਤੀਗਤ ਤੌਰ ਤੇ ਵੀ ਤੇ ਹੋਰ ਸਭ ਸਭਾਵਾਂ ਦੇ ਰੂਪ ਵਿਚ ਵੀ ਆਏ ਹੋਏ ਸਨ। ਹਾਊਸ ਆਫ ਕਾਮਨਸ ਨੇ ਇਸ ਹਜ਼ੂਮ ਨੂੰ ਦੇਖਦੇ ਹੋਏ ਹਾਊਸ ਆਫ ਲਾਰਡ ਦੇ ਪ੍ਰਵਾਨਗੀ ਬਿਲ ਤੇ ਤਬੱਜੋਂ ਦਿੰਦੇ ਹੋਏ ਪ੍ਰਵਾਨਗੀ ਦੇ ਦਿੱਤੀ। ਇੰਗਲੈਂਡ ਵਿਚ ਕੋਈ 400,000 ਦਲਿਤ ਜੋਕਿ ਜਾਤੀਪਾਤੀ ਦੇ ਪੁਜਾਰੀਆਂ ਦਾ ਜਬਰ ਸਹਿੰਦੇ ਹੋਇਆਂ ਨੂੰ ਇਸ ਕਨੂੰਨ ਰਾਹੀਂ ਇਨਸਾਨੀਯਤ ਦਾ ਸੱਚਾ ਇਨਸਾਫ ਮਿਲਿਆ। ਜਿਉਂ ਹੀ ਇਸ ਬਿਲ ਦੇ ਪਾਸ ਹੋਣ ਦੀ ਖਬਰ ਸੁਣੀ ਤਾਂ ਖੁਸ਼ੀ ਦਾ ਕੋਈ ਅੰਤ ਨਹੀਂ ਰਿਹਾ। ਇਸ ਖੁਸ਼ੀ ਦੇ ਮਹੌਲ ਵਿਚ ਭੰਗੜੇ ਵੀ ਪਾਏ ਗਏ ਤੇ ਹੋਰ ਵੀ ਕਈ ਵੱਖ ਵੱਖ ਤਰੀਕਿਆਂ ਨਾਲ ਖੁਸ਼ੀਆਂ ਮਨਾਈਆਂ ਗਈਆਂ। ਇਸ ਖੁਸ਼ੀ ਵਿਚ ਆਉ ਥੋੜੀ ਜਿਹੀ ਪਿਛੋਕੜ ਵੱਲ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਆਪਣੇ ਹੱਕਾਂ ਲਈ ਸੋਚ ਤੇ ਪਹਿਰਾ ਦੇਣਾ ਸਾਡੇ ਮਹਾਨ ਆਦੀ ਗੁਰੂਆਂ, ਯੋਧਿਆਂ, ਸੂਰਮਿਆਂ, ਵਿਦਵਾਨਾਂ ਦੀ ਦੇਣ ਕਰਕੇ ਹੀ ਜਾਗਰਿਤੀ ਮਿਲੀ ਹੈ ਜਿਵੇਂ ਕਿ ਗੁਰੂ ਵਾਲਮੀਕ ਜੀ, ਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ ਅਤੇ ਸਤਿਗੁਰ ਰਵਿਦਾਸ ਜੀ ਮਹਾਰਾਜ, ਮਹਾਰਾਜਾ ਰਾਵਣ ਜੀ, ਮਾਤਾ ਭੀਲਣੀ ਜੀ, ਇਕਵੱਲਯਾ, ਬਾਲੀ ਤੇ ਸਕਰੀਬ, ਸੰਗਤ ਸਿੰਘ ਜੀ, ਜੀਵਣ ਸਿੰਘ ਜੀ, ਗਿਆਨੀ ਗੁਰਦਿੱਤ ਸਿੰਘ ਜੀ, ਅਛੂਤਾ ਨੰਦ ਜੀ ਅਤੇ ਪੰਜਾਬ ਦੇ ਮਹਾਨ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ (ਬਾਨੀ ਆਦਿ ਧਰਮ ਮੰਡਲ, ਪੰਜਾਬ) ਜਿਸਨੇ ਭਾਰਤੀ ਅਜਾਦੀ ਅਤੇ ਸਵਿਧਾਨ ਬਣਨ ਤੋਂ ਪਹਿਲਾਂ ਹੀ ਪੰਜਾਬ ਵਿਚ ਆਦਿ ਧਰਮੀ (ਆਦਿ ਧਰਮ) ਦੀ ਪਹਿਚਾਣ ਅਤੇ ਪੜਾਈ, ਵੋਟ ਅਤੇ ਜਮੀਨ ਖਰੀਦਣ ਦੇ ਹੱਕ ਲੈ ਕੇ ਦਿੱਤੇ ਸਨ ਜਿਸਦੀ ਕੋਈ ਮਸਾਲ ਨਹੀ ਹੈ। ਜਿਸ ਦਿਨ ਇਹ ਬਿਲ ਪਾਸ ਹੋਇਆ ਉਸੇ ਦਿਨ ਅਜਾਦੀ ਦੇ ਘੁਲਾਟੀਏ ਦੀ 33ਵੀਂ ਬਰਸੀ ਵੀ ਮਨਾਈ ਜਾ ਰਹੀ ਸੀ। ਇਸ ਦਿਨ ਇਤਫਾਕਨ ਹੀ ਹਾਊਸ ਆਫ ਲਾਰਡਜ ਨੇ ਦਵਾਰਾ ਕਨੂਨੰ ਪਾਸ ਕਰ ਦਿੱਤਾ। ਇਸੇ ਤਰਾਂ ਬਾਬਾ ਸਾਹਬ ਅੰਬੇਡਕਰ ਜੀ ਨੇ ਵੀ ਭਾਰਤੀ ਸੰਵਿਧਾਨ ਘਾੜਕ ਹੋਣ ਦੇ ਨਾਤੇ ਆਦੀਵਾਸੀ ਕੌਮ ਨੂੰ ਹੱਕ ਲੈ ਕੇ ਦਿੱਤੇ ਤੇ ਜਾਣੂ ਕਰਵਾਇਆ। ਅੱਜ ਇੰਗਲੈਂਡ ਦੀ ਧਰਤੀ ਤੇ ਅਗਰ 400,000 ਦੇ ਕਰੀਬ ਦਲਿਤਾਂ ਨੂੰ ਜਾਤ ਦੇ ਕੋਹੜੀਆਂ ਤੋ ਨਿਜਾਤ ਮਿਲਿਆ ਹੈ ਤਾਂ ਇਹ ਸਭ ਭਾਰਤੀ ਆਦੀ ਮਹਾਨ ਸੂਰਬੀਰਾਂ ਤੇ ਯੁੱਗ ਪੁਰਸ਼ਾਂ ਦੇ ਕਰਕੇ ਹੀ ਮਿਲਿਆ ਹੈ। ਸਾਨੂੰ ਕਦੇ ਵੀ ਅਜਿਹੇ ਯੁੱਗ ਪਲਟਾਊ ਮਹਾਨ ਪੁਰਸ਼ਾਂ ਨੂੰ ਭੁੱਲਣਾ ਨਹੀਂ ਚਾਹੀਦਾ। ਉਹ ਲੋਗ ਜੋ ਭੁੱਲਕੇ ਅੱਖੋਂ-ਫਰੋਸ਼, ਬੇ-ਅਣਖੇ, ਬੇ-ਪ੍ਰਤੀਤੇ ਹੋ ਰਹੇ ਨੇ, ਜੋ ਆਪਣੇ ਅਸਲ ਬਾਪ ਨੂੰ ਭੁੱਲਕੇ ਦੂਜਿਆਂ ਨੂੰ ਬਾਪ ਬਣਾਈ ਬੈਠੇ ਨੇ, ਇਕ ਦਿਨ ਅਜਿਹੇ ਲੋਗਾਂ ਦੀ ਜ਼ਾਲਮ-ਜਾਤੀ ਪੁਜਾਰੀਆਂ ਵਲੋਂ ਹਾਲਤ ਖਸਤਾ ਜਰੂਰ ਹੋਵੇਗੀ। ਉਸ ਸਮੇਂ ਵੀ ਅਜਿਹੇ ਲੋਕਾਂ ਨੇ ਹੀ ਸਿੰਧੂ ਘਾਟੀ ਦੀ ਸੱਭਿਯਤਾ ਨੂੰ ਬਰਬਾਦ ਕੀਤਾ ਸੀ ਤੇ ਹੁਣ ਵੀ ਹਿੱਸੇਦਾਰ ਹੋਣ ਦਾ ਸਬੂਤ ਦਿੰਦੇ ਹਨ। ਪਰ ਇਸਦੇ ਵਿਪਰੀਤ ਜੇ ਵੈਰੀ ਨੂੰ ਮੂਹ ਦੀ ਖਵਾਣੀ ਹੈ ਤਾਂ ਸਭ ਹੀ ਦਲਿਤ ਸਮਾਜ ਨੂੰ ਇਕ ਆਦੀਵਾਸੀ ਝੰਡੇ ਹੇਠਾਂ ਇਕੱਠਾ ਹੋਣਾ ਪਵੇਗਾ। ਇਥੇ ਇਹ ਦੱਸਣਾ ਜਰੂਰੀ ਬਣਦਾ ਹੈ ਕਿ ਜਦੋਂ ਭਾਰਤ ਵਿਚ ਇੰਗਲੈਂਡ ਸਰਕਾਰ ਦਾ ਰਾਜ ਸੀ ਤਾਂ ਉਥੇ ਵੀ ਇਸ ਅੰਗਰੇਜ਼ ਸਰਕਾਰ ਨੇ ਹੀ ਆਦੀਵਾਸੀਆਂ ਨੂੰ ਇਸ ਜਾਤ-ਪਾਤ ਦੇ ਕੋਹੜ ਤੋਂ ਨਜ਼ਾਤ ਦੁਆਈ ਸੀ। ਅੰਗਰੇਜ ਸਰਕਾਰ ਕਰਕੇ ਹੀ ਆਦੀਵਾਸੀਆਂ ਨੂੰ ਪੜਾਈ ਕਰਨ ਦਾ ਮੋਕਾ ਮਿਲਿਆ ਸੀ ਜਿਹਦੇ ਵਿਚੋਂ ਬਾਬਾ ਸਾਹਬ ਜੀ ਇਕ ਖਾਸ ਮਿਸਾਲ ਹੈ। ਜੇ ਅੰਗਰੇਜ ਸਰਕਾਰ ਨਾ ਹੁੰਦੀ ਤਾਂ ਮਨੂਵਾਦੀ ਸੋਚ ਨੇ ਦਲਿਤਾਂ ਨੂੰ ਇਸ ਸਦੀਆਂ ਤੋਂ ਚੱਲੇ ਆ ਰਹੇ ਕੋੜ੍ਹ ਤੋਂ ਬਾਹਰ ਨਿਕਲਣ ਨਹੀਂ ਸੀ ਦੇਣਾ। ਇਹ ਸਭ ਅੰਗਰੇਜ ਸਰਕਾਰ ਕਰਕੇ ਹੀ ਸੰਭਵ ਹੋ ਸਕਿਆ ਸੀ। ਤੇ ਹੁਣ ਵੀ ਜੋ ਯੂ ਕੇ ਵਿਚ ਬਿਲ ਦੀ ਮੰਨਜੂਰੀ ਮਿਲੀ ਹੈ ਇਹ ਸਭ ਹਾਊਸ ਆਫ ਲਾਰਡ ਅਤੇ ਹਾਊਸ ਆਫ ਕਾਮਨਸ ਦੇ ਕਰਕੇ ਹੀ ਹੋ ਸਕਿਆ ਹੈ ਤੇ ਬਾਕੀ ਮਹਾਰਾਣੀ ਐਲਿਜਾਬੈਥ ਦੇ ਦਸਤਖਤ ਨਾਲ ਪੂਰਨ ਰੂਪ ਵਿਚ ਪਾਸ ਹੋ ਜਾਵੇਗਾ (ਪਰ ਖਬਰ ਅਨੁਸਾਰ ਮਹਾਰਾਣੀ ਐਲਿਜ਼ਾਬੈਥ ਦੇ ਦਸਤਖ਼ਤ ਵੀ ਹੋ ਚੁੱਕੇ ਹਨ)। ਦੂਜੇ ਸ਼ਬਦਾਂ ਵਿਚ ਦਲਿਤਾਂ ਨੂੰ ਜਾਤ ਕੋਹੜ ਤੋਂ ਨਿਜਾਤ ਦਵਾਣ ਲਈ ਭਾਰਤ ਵਿਚ ਵੀ ਤੇ ਇੰਗਲੈਂਡ ਵਿਚ ਵੀ ਇਨ੍ਹਾਂ (ਅੰਗਰੇਜ) ਲੋਗਾਂ ਨੇ ਹੀ ਦਲਿਤਾਂ ਨੂੰ ਅਜਾਦ ਕਰਵਾਂਦੇ ਹੋਏ ਆਪਣੇ ਨਾਲ ਬੈਠਾਇਆ ਹੈ। ਇਹ ਗਲ ਕਹਿਣੀ ਪਏਗੀ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਿਚ ਬ੍ਰਿਟੇਨ ਮਹਾਨ ਦੇਸ਼ ਹੈ। ਇਸ ਲਈ ਅੰਗਰੇਜ ਸਰਕਾਰ ਵਡਿਆਈ ਦੀ ਪਾਤਰ ਹੈ ਜਿਸ ਨੇ ਇਸ ਬਿਲ ਨੂੰ ਮਨਜੂਰੀ ਦਿੰਦੇ ਹੋਏ ਸਮੂਹ ਇਨਸਾਨੀਯਤ ਵਿਚ ਹੋ ਰਹੀ ਬੇਇਨਸਾਫੀ ਨੂੰ ਸੂਲੀ ਚਾੜ ਕੇ ਇਤਿਹਾਸ ਦਾ ਇਕ ਨਵਾਂ ਪੰਨਾ ਸਿਰਜਿਆ ਹੈ। ਹਾਊਸ ਆਫ ਲਾਡ ਅਤੇ ਹਾਊਸ ਆਫ ਕਾਮਨਸ ਦੇ ਕੁਝ ਕ ਮੈਬਰਾਂ ਨੇ ਇਨਸਾਨੀ ਭੇਦ-ਭਾਵ ਬਾਰੇ ਵਿਚਾਰ ਦਿਤੇ ਨੇ। ਜਿਵੇਂ:

Mr. Cable said caste would in future be treated as "an aspect of race". "This is a victory for the Lords and their emphasis on protecting human rights." Equalities minister, Jo Swinson told MPs: "This is an issue that is contained in the Hindu and Sikh communities. That's why we are working with those communities to address these problems." Conservative MP Richard Fuller said: "This is a straightforward issue, caste discrimination in the work place is wrong and the people who suffer from it deserve legal protection. That's it. Beginning and end." Shadow business secretary Chuka Umunna said that caste discrimination was "completely unacceptable".

ਇਥੇ ਇਹ ਵੀ ਦੱਸਣਾ ਜਰੂਰੀ ਬਣਦਾ ਹੈ ਕਿ ਇਸ ਮਹਿੰਮ ਨੂੰ ਨੇਪਰੇ ਚਾੜਨ ਲਈ ਮੀਡੀਆ ਨੇ ਵੀ ਬਹੁਤ ਹੀ ਸਾਥ ਦਿੱਤਾ। ਜਿਵੇਂ ਕਾਂਸ਼ੀ ਰੇਡਿਓ, ਕਾਂਸ਼ੀ ਟੀਵੀ, ਸਮਾਜ ਵੀਕਲੀ ਅਤੇ ਪੰਜਾਬੀ ਟੇਲੀਗਰ੍ਰਾਫ ਅਤਿ ਆਦੀ ਮਾਧਿਅਮਾਂ ਰਾਹੀਂ। ਇਸ ਦਿਨ ਕਾਂਸ਼ੀ ਰੇਡਿਓ ਦੀ ਲਾਈਵ ਰੀਲੇਅ ਸੀ ਜੋਕਿ ਹਰ ਮਿੰਟ ਵਿਚ ਸਰੋਤਿਆਂ ਤੱਕ ਖਬਰ ਪਹੁੰਚਦੀ ਸੀ। ਇਸ ਲਈ ਸਭ ਹੀ ਮਾਧਿਯਮ ਇਸ ਗਲ ਦੇ ਵਧਾਈ ਦੇ ਪਾਤਰ ਹਨ। ਇਸ ਲਈ ਇਹ ਕਹਿਣਾ ਪਵੇਗਾ ਕਿ ਇਹ ਬਿਲ ਜਦੋਂ ਪਾਸ ਹੋਕੇ ਲਾਗੂ ਹੋ ਜਾਵੇਗਾ ਤਾਂ ਇਹ ਇਕ ਇਤਿਹਾਸਕ ਮੀਲ ਪੱਥਰ ਸਿਧ ਹੋਵੇਗਾ ਜੋ ਕਿ ਹਰ ਮਨੁੱਖੀ ਵਿਵਹਾਰ ਨੂੰ ਸੇਧ ਦੇਵੇਗਾ।








ਫੋਟੋਆਂ- ਮਾਧੋਬਲਵੀਰਾ ਬਲਵੀਰ ਸਿੰਘ

# ਭਾਈ ਅਮਰੀਕ ਸਿੰਘ ਗੁਰਦਾਸਪੁਰੀ ਗੋਲਡ ਮੈਡਲ ਨਾਲ ਸਨਮਾਨਤ

ਨਿਊਯਾਰਕ-ਗੁਰਬਾਣੀ ਕੀਰਤਨ ਨੂੰ ਪਿਆਰ ਕਰਨ ਵਾਲੀਆਂ ਸੰਗਤਾਂ ਦੀਆਂ ਪਿਛਲੇ 27 ਸਾਲ ਤੋਂ ਗੁਰਬਾਣੀ ਕੀਰਤਨ ਦੁਆਰਾ ਸੇਵਾ ਕਰਦੇ ਆ ਰਹੇ ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲਿਆਂ ਦੇ ਜੱਥੇ ਨੂੰ ਗੁਰਦਵਾਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਵਿਖੇ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਸੰਗਤ ਨੇ ਜੱਥੇ ਵਲੋਂ ਕੌਮ ਅੰਦਰ ਪਾਏ ਗੁਰਬਾਣੀ ਕੀਰਤਨ ਦੇ ਵਡਮੁੱਲੇ ਯੋਗਦਾਨ ਨੂੰ ਮੁੱਖ ਰੱਖਦੇ ਹੋਏ ਗੋਲਡ ਮੈਡਲ ਨਾਲ ਸਨਮਾਨਤ ਕੀਤਾ। ਭਾਈ ਅਮਰੀਕ ਸਿੰਘ ਉਹਨਾਂ ਦੇ ਸਾਥੀ ਸਤਨਾਮ ਸਿੰਘ ਅਤੇ ਨਿਰਮਲ ਸਿੰਘ ਨੇ ਜਦੋਂ ਤੋਂ ਕੀਰਤਨ ਕਰਨਾ ਸ਼ੁਰੂ ਕੀਤਾ ਹੈ, ਇਹ ਜੱਥਾ ਅੱਜ ਤੱਕ ਉਵੇਂ ਨਿਰੰਤਰ ਇਕੱਠੇ ਕੀਰਤਨ ਦੀ ਸੇਵਾ ਕਰ ਰਹੇ ਹਨ। ਤਿੰਨੋ ਸਾਥੀ ਰਿਸ਼ਤੇ ਵਿੱਚ ਵੀ ਆਪਸ ਵਿੱਚ ਸਾਂਢੂ ਲਗਦੇ ਹਨ। ਭਾਈ ਅਮਰੀਕ ਸਿੰਘ ਜਿਹਨਾਂ ਨੇ ਸੰਗੀਤ ਦੀ ਵਿੱਦਿਆ ਉਸਤਾਦ ਅਹਿਮਦ ਹੁਸੈਨ, ਉਸਤਾਦ ਮੁਹੰਮਦ ਹੁਸੈਨ ਪਾਸੋਂ ਹਾਂਸਤ ਕੀਤੀ ਹੈ ਕਿਉਂਕਿ ਉਹ ਗਜ਼ਲ ਦੇ ਮੰਨੇ ਪ੍ਰਮੰਨੇ ਗਵੱਈਏ ਹਨ। ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲਿਆਂ ਦੇ ਜੱਥੇ ਦੀ ਆਵਾਜ਼ ਵਿੱਚ ਜਿੱਥੇ ਪਹਿਲਾਂ ਅਨੇਕਾਂ ਕੈਸਟਾਂ, ਸੀ ਡੀ ਅਤੇ ਵੀਡੀਉ ਸੰਗਤਾਂ ਵਿੱਚ ਪਿਆਰ ਲੈ ਰਹੀਆਂ ਹਨ ਉੱਥੇ ਇਸ ਦਿਨ ਨਵੀਂ ਸੀ ਡੀ (ਹਰਜਨ ਜੀਉ ਨਾ ਰਹੈ) ਵੀ ਰਿਲੀਜ਼ ਕੀਤੀ ਗਈ। ਭਾਈ ਸਾਹਿਬ ਦਾ ਜੱਥਾ ਅੱਜਕੱਲ੍ਹ ਨਿਊਯਾਰਕ ਅਤੇ ਨਿਊਜਰਸੀ ਦੇ ਗੁਰੂ ਘਰਾਂ ਵਿੱਚ ਕੀਰਤਨ ਦੀ ਸੇਵਾ ਕਰਕੇ ਸੰਗਤਾਂ ਤੋਂ ਅਸੀਸ ਪ੍ਰਾਪਤ ਕਰ ਰਿਹਾ ਹੈ। ਜੱਥੇ ਨਾਲ 347-264-4574 ਤੇ ਗੱਲ ਕਰ ਸਕਦੇ ਹੋ।






Bank-Owned Homes • Foreclosure Homes
Short Sale Homes • Commercial & Business
Many Years Experience In Real Estate

ਕੀ ਤੁਸੀਂ ਬੈਂਕਾਂ ਦੇ ਅਤੇ ਫ਼ੋਰ ਕਲੋਜ਼ਰ ਘਰ ਖਰੀਦਣਾ ਚਾਹੁੰਦੇ ਹੋ ?

JAIN Reality

Lic # 01469392

ਅਸੀਂ ਇਨ੍ਹਾਂ ਸ਼ਹਿਰਾਂ 'ਚ ਤਸੱਲੀਬਖ਼ਸ਼ ਕੰਮ ਕਰਦੇ ਹਾਂ
Sacramento, Natomas, Roseville, Elk Grove, Bay Area, Tracy & Stockton Area

Parminder Singh Aujla

Ph: 916.410.0711 • Fax: 916.200.0607
email : greatamerica2004@yahoo.com



Mikasa
HOMES & FUNDING

8900 Bramblewood Way
Elk Grove, CA 95758
Cell: (916) 698-3808
Fax: (916) 725-5812
Email: mchander@comcast.net Web: www.mikasafunding.com



RAKESH CHANDER
Realtor®

Rakesh Chander, MSEE, PE

MIKASA HOMES & FUNDING
DRE Lic.: 01866732





Prop: Jasbir Singh Takhar
510-755-2132

AAA AUTO & BODY WORKS INC.

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖ਼ਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price

Free Eximates Free Towing

510- 733- 2222

AAA AUTO & BODY WORKS INC.
We Do Complete Engine, Transmission, Body and Paint Work
We Sell Used Cars at a Good Price
FREE ESTIMATES • FREE TOWING
1421 Industrial Pkwy West #F Hayward, CA 94544
PH: 510-733-2222 Fax: 510-728-0714
CHEVROLET TOYOTA

1421 Industrial PKWY West#F Hayward, CA 94544



TANDOOR
Indian Restaurant

27167 Mission Blvd. Hayward, CA 95544

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

BUFFET LUNCH
11:00 AM TO 3:00 PM.

WE ARE OPEN SEVEN DAYS
11AM TO 10PM






ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

Contact Us:
Ph. 510-885-1212,
Fax 510-885-1532



SURINDER KOKA
www.haywardtandoor.com

# ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
# ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥



# 6th Nagar Kirtan (Community Parade) & 30th Anniversary Celebration of Shri Guru Ravidass Sabha (Vancouver)

## Invitation to the 636 Birth Anniversary of Guru Ravidass Ji

## Nagar Kirtan (Shobha Yatra) Saturday, May 18, 2013

### ਪ੍ਰੋਗਰਾਮਾਂ ਦਾ ਵੇਰਵਾ

ਸ਼ੁੱਕਰਵਾਰ 17 ਮਈ, 2013- ਅਰੰਭ ਸ੍ਰੀ ਅਖੰਡ ਪਾਠ ਸਾਹਿਬ.... 9.00 ਵਜੇ ਸਵੇਰੇ
ਸ਼ਨਿੱਚਰਵਾਰ 18 ਮਈ, 2013- ਨਗਰ ਕੀਰਤਨ ਆਰੰਭ... 11:00 ਵਜੇ ਸਵੇਰੇ
ਐਤਵਾਰ 19 ਮਈ, 2013- ਭੋਗ ਸ੍ਰੀ ਅਖੰਡ ਪਾਠ ਸਾਹਿਬ.... 9:00 ਵਜੇ ਸਵੇਰੇ

### Contact Information

| | |
|---|---|
| Bill Basra, President | 604-725-4048 |
| Harmesh Owan Gen Sec. | 604-312-2121 |
| Lamber Rao, Nagar Kirtan Coordinator | 604-649-3286 |
| Jai Birdi, Nagar Kirtan Coordinator | 778-878-7473 |
| Jas Heer, Media Cordinator | 604-816-4521 |
| Gurnek Banger, Media Cordinator | 778-895-7444 |

### ਖਾਸ ਪ੍ਰਦਰਸ਼ਨ

ਬਲਵੀਰ ਬੋਪਾਰਾਏ, ਦਿਲਜਾਨ, ਰਜਨੀ ਠੱਕਰਵਾਲ, ਜਰਨੈਲ ਜੈਲੀ, ਪਵਨਜੋਤ ਭਾਟੀਆ, ਰਮਿੰਦਰ ਭੁੱਲਰ, ਕੀਰਤਨੀ ਜਥੇ ਅਤੇ ਢਾਡੀ ਜਥੇ

### ਗੁਰੂ ਕਾ ਲੰਗਰ ਅਤੇ ਦੇਗ

ਸ਼ੁੱਕਰਵਾਰ 17 ਮਈ, 2013
ਭਾਈ ਰਾਜ ਬੰਗੜ, ਬੀਬੀ ਸੁੰਮਨ ਬੰਗੜ ਅਤੇ ਪਰਿਵਾਰ

ਸ਼ਨਿੱਚਰਵਾਰ 19 ਮਈ, 2013
ਭਾਈ ਚਰਨਜੀਤ ਕਰੜਾ ਅਤੇ ਪਰਿਵਾਰ, ਭਾਈ ਸਵਰਨਦਾਸ ਬਧਨ, ਭਾਈ ਸਤਪਾਲ ਬਧਨ ਅਤੇ ਪਰਿਵਾਰ, ਭਾਈ ਤਿਲਕਰਾਜ ਬਧਨ ਅਤੇ ਪਰਿਵਾਰ, ਪਰਮਜੀਤ ਬਧਨ ਅਤੇ ਪਰਿਵਾਰ, ਭਾਈ ਵਿਕਰਮ ਬਧਨ ਅਤੇ ਪਰਿਵਾਰ, ਭਾਈ ਬੋਬੀ ਚੁੰਬਰ ਅਤੇ ਪਰਿਵਾਰ, ਭਾਈ ਚਮਨ ਸੁੰਢ ਅਤੇ ਪਰਿਵਾਰ

**ਐਤਵਾਰ 19 ਮਈ, 2013**
ਭਾਈ ਦਵਿੰਦਰ ਲਾਲ ਪੋੜ, ਬੀਬੀ ਸੁਰਿੰਦਰ ਕੌਰ ਪੋੜ, ਅਮਰੀਕ ਸਿੰਘ ਪੋੜ, ਬੀਬੀ ਸੀਮਾ ਪੋੜ ਅਤੇ ਪਰਿਵਾਰ, ਭਾਈ ਦਿਲਬਾਗ ਸਿੰਘ ਰਾਏ ਬੀਬੀ ਕਾਂਤਾ ਦੇਵੀ ਰਾਏ ਅਤੇ ਪਰਿਵਾਰ, ਭਾਈ ਪ੍ਰੇਮ ਸਿੰਘ ਸੁੰਢ, ਬੀਬੀ ਹਰਜਿੰਦਰ ਕੌਰ ਸੁੰਢ ਅਤੇ ਪਰਿਵਾਰ

# Shri Guru Ravidass Sabha Vancoover

# ਧਰਤ ਦੁਆਬੇ ਦੀ

## ਇਸਤਰੀ ਭਲਾਈ ਵਿਚ ਮੋਹਰੀ ਬਣੀ ਦੁਆਬੇ ਦੀ ਕਮਲਜੀਤ ਕੌਰ



ਬਲਜਿੰਦਰ ਮਾਨ
98150-18947
Email : nikkiankarum-blan@rediffmail.com

ਅਜੋਕੇ ਸਮੇਂ ਦੀ ਤੇਜ ਰਫਤਾਰ ਜਿੰਦਗੀ ਦੇ ਹਾਣੀ ਬਣਨ ਲਈ ਅੱਜ ਦੇ ਹਰ ਸ਼ਹਿਰੀ ਕੋਲ ਸਮੇਂ ਦਾ ਲੋੜੀਂਦਾ ਗਿਆਨ ਹੋਣਾ ਜਰੂਰੀ ਹੈ ਗਿਆ ਹੈ।ਇਕੱਲਾ ਗਿਆਨ ਉਦੋਂ ਤਕ ਕਿਸੇ ਕੰਮ ਦਾ ਨਹੀਂ ਜਦੋਂ ਤਕ ਉਸਦਾ ਸਹੀ ਇਸਤੇਮਾਲ ਨਹੀਂ ਹੁੰਦਾ।ਸੋ ਆਪਣੇ ਗਿਆਨ ਦੀ ਸ਼ਕਤੀ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਕੁਕੜਾਂ ਵਿਚ ਵਸਦੀ ਕਮਲਜੀਤ ਕੌਰ ਨੇ ਪ੍ਰਗਟ ਹੀ ਨਹੀਂ ਕੀਤਾ ਸਗੋਂ ਸਮਾਜ ਦੀ ਬਿਹਤਰੀ ਦੇ ਲੇਖੇ ਵੀ ਲਾਇਆ ਹੈ।ਉਸਦੇ ਜੀਵਨ ਦਾ ਇਕੋ ਇਕ ਉੱਤਮ ਉਦੇਸ਼ ਹੈ ਕਿ ਹਰ ਔਰਤ ਸਵੈ ਨਿਰਭਰ ਹੋਵੇ।ਜਿਸਦੀ ਪ੍ਰਾਪਤੀ ਲਈ ਉਸਨੇ ਦਸ ਸਾਲਾਂ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਢਾਈ ਸੌ ਦੇ ਕਰੀਬ ਪਿੰਡਾਂ ਵਿਚ ਸਵੈ ਸੇਵੀ ਗਰੁੱਪਾਂ ਦੀ ਸਥਾਪਨਾ ਕਰ ਦਿੱਤੀ ਹੈ।ਨਾਲ ਨਾਲ ਉਹਨਾਂ ਦੇ ਸੰਚਾਲਨ ਅਤੇ ਸਿੱਖਿਆ ਦਾ ਜਿੰਮਾ ਵੀ ਪੂਰੇ ਭਾਰਤ ਵਿਚ ਜਾ ਕੇ ਨਿਭਾਅ ਰਹੀ ਹੈ।ਜਿਸ ਵਾਸਤੇ ਉਸਨੂੰ ਰਾਜ ਪੱਧਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।ਹੁਣੇ ਜਿਹੇ ਉਹਨਾਂ ਨੇ ਹੁਸ਼ਿਆਰਪੁਰ ਦੀ ਜ਼ਿਲ੍ਹਾ ਜੇਲ ਵਿਚ ਵੀ ਹਿਮਾਚਲ ਪ੍ਰਦੇਸ਼ ਦੀ ਉੱਘੀ ਸਮਾਜ ਸੇਵਕਾ ਸਿਮਰਨ ਦੇ ਸਹਿਯੋਗ ਨਾਲ ਔਰਤਾਂ ਦਾ ਇਕ ਸਵੈ ਸੇਵੀ ਗਰੁੱਪ ਗਠਿਤ ਕਰ ਦਿੱਤਾ ਹੈ।ਇਥੋਂ ਪਤਾ ਲਗਦਾ ਹੈ ਉਸਦੀ ਸਮੇ ਦੇ ਹਾਣ ਦੀ ਸੋਚ ਦਾ।ਸਧਾਰਣ ਦਿਸਣ ਵਾਲੀ ਇਹ ਇਸਤਰੀ, ਇਸਤਰੀ ਅਤੇ ਬਾਲ ਭਲਾਈ ਵਿਕਾਸ ਮਹਿਕਮੇ ਵਿਚ ਇਕ ਆਂਗਨਵਾੜੀ ਵਰਕਰ ਵਜੋਂ ਸ਼ਾਨਦਾਰ ਸੇਵਾਵਾਂ ਨਿਭਾ ਰਹੀ ਹੈ।ਅਗਾਂਹਵਧੂ ਸੋਚ ਦੀ ਧਾਰਨੀ ਪਰਮਜੀਤ ਕੌਰ ਸੁਪਰਵਾਈਜ਼ਰ ਦੀ ਪ੍ਰੇਰਨਾ ਨਾਲ ਅਗਸਤ 2002 ਵਿਚ 'ਸਿੰਘ ਸਭਾ ਸੈਲਫ ਹੈਲਪ' ਗਰੁੱਪ ਦੀ ਸਥਾਪਨਾ ਕੀਤੀ ਗਈ। ਜਿਸਦੀ ਚਰਚਾ ਉਹ ਅਕਸਰ ਕਰਦੀ ਰਹਿੰਦੀ ਹੈ।ਜੀਵਨ ਸਾਥੀ ਸ.ਜੋਗਾ ਸਿੰਘ ਨੇ ਵੀ ਉਹਨਾਂ ਦੇ ਬੋਲਾਂ ਨੂੰ ਪੁਗਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।ਹਰ ਥਾਂ ਤੇ ਹਰ ਕਾਰਜ ਵਿਚ ਪੂਰਾ ਸਾਥ ਦਿੱਤਾ ਤਾਂ ਕੇ ਉਸਦਾ ਹੌਂਸਲਾ ਸਦਾ ਦੂਣ ਸਵਾਇਆ ਹੁੰਦਾ ਰਹੇ।





ਕਮਲਜੀਤ ਦੇ ਸ਼ਾਨਦਾਰ ਕਾਰਜਾਂ ਨੂੰ ਦੇਖਕੇ ਬਹੁਤ ਸਾਰੀਆਂ ਸਾਥਣਾ ਨੇ ਵੀ ਉਪਰਾਲੇ ਅਰੰਭ ਕਰ ਦਿੱਤੇ।ਬਾਕੀ ਦੇ ਔਖੇ ਸੋਖੇ ਸਫਰ ਦਾ ਰਾਹ ਉਸਨੇ ਨੇਕ ਸਲਾਹਾਂ ਨਾਲ ਪੂਰਾ ਕਰਵਾ ਦਿੱਤਾ।ਬੈਂਕਾ ਨਾਲ ਸਬੰਧਤ ਅਧਿਕਾਰੀਆਂ ਨਾਲ ਸੰਪਰਕ, ਸਰਕਾਰ ਦੀਆਂ ਨਵੀਆਂ ਸਕੀਮਾ ਦਾ ਪ੍ਰਚਾਰ ਤੇ ਪ੍ਰਸਾਰ ਕਰਕੇ ਉਸਨੇ ਇਲਾਕੇ ਦੀਆਂ ਇਸਤਰੀਆ ਵਿਚ ਇਕ ਨਵੀਂ ਰੂਹ ਭੱਰ ਦਿੱਤੀ ਹੈ। ਉਸਨੇ ਕਦੇ ਇਹ ਮਹਿਸੂਸ ਹੀ ਨਹੀਂ ਕੀਤਾ ਕਿ ਉਹ ਇਕ ਇਸਤਰੀ ਹੈ। ਇਕ ਧੜੱਲੇਦਾਰ ਮਰਦ ਵਾਂਗ ਹਰ ਮਸਲੇ ਨੂੰ ਇਕ ਸਧਾਰਣ ਅਫਸਰ ਤੋਂ ਲੈਕੇ ਡਾਇਰੈਕਟਰਾਂ ਤਕ ਵਿਚਾਰ ਕਰਨ ਦੀ ਜੁਰਅਰ ਰੱਖਦੀ ਹੈ। ਹਿੰਮਤ ਅਤੇ ਲਗਨ ਉਸਦੇ ਜੀਵਨ ਦੇ ਖਾਸ ਗੁਣ ਹਨ।ਨਿਮਰ ਹੋ ਕੇ ਪਾਣੀ ਵਾਂਗ ਵਗਦੀ ਹਰ ਥਾਂ ਆਪਣੀ ਸ਼ਖਸ਼ੀਅਤ ਦੀ ਛਾਪ ਛੱਡ ਦਿੰਦੀ ਹੈ।ਇਸੇ ਕਰਕੇ ਨਬਾਰਡ ਵੱਲੋਂ ਉਸਦੇ ਸਵੈ ਸੇਵੀ 'ਗਰੁੱਪ ਸਿੰਘ ਸਭਾ ਗਰੁੱਪ ਕੁੱਕੜਾਂ ਨੂੰ ਪੁਰਸਕਾਰ ਦੇਕੇ ਸਨਮਾਨਿਤ ਕੀਤਾ ਗਿਆ ਹੈ।ਜਿਸਦਾ ਸਿਹਰਾ ਕਮਲਜੀਤ ਕੌਰ ਦੇ ਅਣਥੱਕ ਮਿਹਨਤ ਤੇ ਯਤਨਾ ਸਿਰ ਬੱਝਦਾ ਹੈ।ਅਜੋਕੇ ਸਮੇਂ ਵਿਚ ਪੜ੍ਹੀਆਂ ਲਿਖੀਆਂ ਨੂੰ ਹੱਥੀਂ ਕਿਰਤ ਦਾ ਗਿਆਨ ਦੇਕੇ ਕਾਫੀ ਕੁੱਝ ਖੱਟਿਆ ਜਾ ਸਕਦਾ ਹੈ।ਮਹਾਤਮਾ ਗਾਂਧੀ ਦੀ ਘਰੇਲੂ ਉਦਯੋਗ ਦੀ ਧਾਰਨਾ ਨੂੰ ਉਹ ਮੁੜ ਤੋਂ ਸਮਾਜ ਵਿਚ ਪ੍ਰਫੁੱਲਤ ਕਰ ਰਹੀ ਹੈ।ਕੋਈ ਸਬਜੀਆਂ ਉਗਾ ਰਿਹਾ ਹੈ ਤੇ ਕਿਤੇ ਲੜਕੀਆਂ ਕਲਾਤਮਿਕ ਵਸਤਾਂ ਬਣਾਉਣ ਲਗ ਪਈਆਂ ਹਨ।ਇੰਜ ਉਹ ਹਰ ਪਲ ਇਹਨਾਂ ਕਾਰਜਾਂ ਵਿਚ ਰੁੱਝੀ ਰਹਿੰਦੀ ਹੈ। ਧਰਤੀ ਵਿਚ ਆਏ ਮਾਰੂ ਤੱਤਾਂ ਦੇ ਪ੍ਰਭਾਵ ਨੂੰ ਖਤਮ ਕਰਨ ਗੰਡੋਇਆ ਦੀ ਖਾਦ ਵੀ ਇਹਨਾਂ ਗਰੁੱਪਾ ਵਲੋਂ ਤਿਆਰ ਕਰਵਾਈ ਜਾ ਰਹੀ। ਸੈਂਕੜੇ ਲੜਕੀਆਂ ਨੂੰ ਸਰਕਾਰੀ ਅਦਾਰਿਆ ਤੋਂ ਮੁਫਤ ਕੋਚਿੰਗ ਕਰਵਾ ਕੇ ਉਹਨਾਂ ਦੇ ਆਪਣੇ ਕਾਰੋਬਾਰ ਵੀ ਚਾਲੂ ਕਰਵਾਏ ਹਨ।

ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਪੈਲਵਮੈਂਟ ਅਤੇ ਨਾਬਾਰਡ ਰਾਹੀਂ ਕਮਲਜੀਤ ਨੇ ਇਹ ਸਾਰਾ ਕੁੱਝ ਹਾਸਿਲ ਕਰਨ ਲਾਈ ਸਰਕਾਰੀ ਨਿਰਦੇਸ਼ਾਂ ਅਨੁਸਾਰ ਰਾਸ਼ਟਰੀ ਪੱਧਰ ਦੀਆਂ ਕਾਨਫਰੰਸਾਂ ਵਿਚ ਵੀ ਭਾਗ ਲਿਆ।ਫਿਰ ਉਹ ਗੱਲਾਂ ਆਪਣੇ ਗਰੁੱਪਾਂ ਵਿਚ ਜਾ ਕੇ ਪ੍ਰਚਾਰੀਆਂ। ਕਮਲਜੀਤ ਕੌਰ ਨੇ ਸਾਂਝੀ ਖੇਤੀ ਦੇ ਵਿਚਾਰ ਨੂੰ 'ਮਹਿਲਾ ਕਿਸਾਨ ਕਲੱਬ ਕੁੱਕੜਾਂ' ਦੀ ਸਥਾਪਨਾ ਕਰਕੇ ਅਸਲੀ ਰੂਪ ਦਿੱਤਾ। ਜਿਸਦੀ ਕਾਰਜ ਪ੍ਰਨਾਲੀ ਦਾ ਅਧਿਐਨ ਕਰਨ ਲਈ ਵੱਖ ਵੱਖ ਵਿਭਾਗਾਂ ਦੇ ਖੋਜਾਰਥੀ/ ਅਧਿਕਾਰੀ ਅਤੇ ਸਵੈ ਸੇਵੀ ਕਾਰਜ ਕਰਨ ਵਾਲੇ ਲੋਕ ਅਕਸਰ ਆਉਂਦੇ ਜਾਂਦੇ ਰਹਿੰਦੇ ਨੇ।ਇਸ ਸਬੰਧੀ ਸੰਸਦ ਮੈਂਬਰ ਡਾ. ਗਿਰਜਾ ਵਿਆਸ ਚੇਅਰਪਰਸਨ ਨੈਸ਼ਨਲ ਕਮਿਸ਼ਨ ਫਾਰ ਵੁਮੈਨ (ਭਾਰਤ ਸਰਕਾਰ) ਦੀ ਅਗਵਾਈ ਹੇਠ ਨੈਸ਼ਨਲ ਕੰਸਲਟਿੰਗ ਪ੍ਰੋਗਰਾਮ ਵਿਚ ਨਵੰਬਰ 2010 ਵਿਚ ਭਾਗ ਲਿਆ।ਸਾਲ 2009 ਵਿਚ ਵਾਤਵਰਣ ਸਬੰਧੀ ਕਰਵਾਈ ਗਈ ਮਹਿਲਾ ਕਾਨਫਰੰਸ ਵਿਚ ਵੀ ਉਸਨੇ ਪੰਜਾਬ ਵਲੋਂ ਭਾਗ ਲੈਕੇ ਚੰਗੀ ਥਾਂ ਬਣਾਈ।ਇਸੇ ਤਰ੍ਹਾਂ ਦੀਆਂ ਕੌਮੀ ਅਤੇ ਰਾਜ ਪੱਧਰੀ ਵੁਮੈਨ ਅਤੇ ਸੈਲਫ ਹੈਲਪ ਗਰੁੱਪਾਂ ਦੀਆਂ ਕਾਨਫਰੰਸਾਂ ਦੀ ਉਹ ਅਗਵਾਈ ਕਰਦੀ ਰਹੀ ਹੈ। ਨਬਾਰਡ ਵਲੋਂ ਗੋਆ ਵਿਚ ਲਗਾਈ ਪ੍ਰਦਰਸ਼ਮਨੀ ਵਿਚ ਉਸਦੇ ਗਰੁੱਪ ਨੇ ਦਸੰਬਰ 2011 ਵਿਚ ਭਾਗ ਲਿਆ। ਚੰਡੀਗੜ੍ਹ ਵਿਖੇ ਨਾਰਥ ਜੋਨ ਦੇ ਸੈਲਫ ਹੈਲਪ ਗਰੁੱਪਾਂ ਦੁਆਰਾ ਤਿਆਰ ਵਸਤਾਂ ਦੀ ਇਕ ਪ੍ਰਦਰਸ਼ਨੀ 2008 ਵਿਚ ਲਗਾਈ ਗਈ। 2006 ਵਿਚ ਮੁੰਬਈ ਵਿਖੇ ਆਯੋਜਿਤ ਕੀਤੀ ਗਈ ਨੈਸ਼ਨਲ ਕਾਨਫਰੰਸ ਫਾਰ ਵੁਮੈਨ ਵਿਚ ਵੀ ਹਿੱਸਾ ਲਿਆ।ਪੰਜਾਬ ਨੈਸ਼ਨਲ ਬੈਂਕ ਬਰਾਂਚ ਪੱਦੀ ਸੂਰਾ ਸਿੰਘ ਵਲੋਂ 2006 ਨੂੰ ਦਿੱਲੀ ਹੱਟ ਵਿਖੇ ਪੰਦਰਾਂ ਦਿਨ ਦੀ ਪ੍ਰਦਰਸ਼ਨੀ ਉਹਨਾਂ ਦੇ ਗਰੁੱਪ ਵਲੋਂ ਲਗਾਈ ਗਈ।ਇੰਜ ਉਹ ਇਸਤਰੀ ਭਲਾਈ ਲਈ ਦਿਨ ਰਾਤ ਇਕ ਕਰ ਰਹੀ ਹੈ। ਔਰਤਾਂ ਨੂੰ ਅਪੀਲ ਕਰਦੀ ਹੈ ਕਿ ਆਪਣੀ ਨਾਰੀ ਸ਼ਕਤੀ ਦਾ ਮਾਣ ਸਨਮਾਨ ਕਾਇਮ ਰੱਖਣਾ ਹੈ ਤਾਂ ਹੱਥ ਵਿਚ ਹੁਨਰ ਭਰੋ ਅਤੇ ਆਪਣੇ ਚਾਲ ਚਲਣ ਨੂੰ ਹਮੇਸ਼ਾ ਉੱਚਾ ਤੇ ਸੁੱਚਾ ਰੱਖੋ।ਪ੍ਰਧਾਨ ਕਮਲਜੀਤ ਕੌਰ ਦੇ ਮਹਿਲਾ ਕਿਸਾਨ ਕਲੱਬ ਵਿਚ ਉਸ ਨਾਲ ਚਰਨ-ਜੀਤ ਕੌਰ ਸਕੱਤਰ ਅਤੇ ਸੁਰਜੀਤ ਕੌਰ, ਅਮਲਾ ਦੇਵੀ, ਰਾਜਵਿੰਦਰ ਕੌਰ, ਸੀਤਾ ਰਾਣੀ, ਸੁਰਿੰਦਰ ਕੌਰ, ਮਨਜੀਤ ਕੌਰ, ਸੁਲਿੰਦਰ ਕੌਰ ਅਤੇ ਅੰਜਲੀ ਮੈਂਬਰ ਹਨ।ਜਿਹਨਾਂ ਨੇ ਠੇਕੇ ਤੇ ਜਮੀਨ ਲੈ ਕੇ ਫਾਰਮਿੰਗ ਅਤੇ ਮਾਰਕੀਟਿੰਗ ਦਾ ਖੁਦ ਸਾਰਾ ਪ੍ਰਬੰਧ ਕੀਤਾ। ਸਧਾਰਣ ਪਰਿਵਾਰਾਂ ਦੀਆਂ ਇਹ ਇਸਤਰੀਆ ਆਪਣੀ ਮਿਹਨਤ ਨਾਲ ਹੁਣ ਕਿਸੇ ਕੋਲ ਦਿਹਾੜੀ ਕਰਨ ਨਹੀਂ ਜਾਂਦੀਆ ਸਗੋਂ ਆਪਣੇ ਹੱਥੀਂ ਆਪਣੇ ਕਾਰੋਬਾਰ ਨੂੰ ਹੋਰ ਬੁਲੰਦੀਆ ਵੱਲ ਨੂੰ ਤੋਰ ਰਹੀਆਂ ਹਨ। ਉਹਨਾਂ ਦਾ ਜੀਵਨ ਪੱਧਰ ਵੀ ਬਿਹਤਰ ਹੋ ਰਿਹਾ ਹੈ। ਕਮਲਜੀਤ ਕੌਰ ਦੀਆਂ ਸ਼ਾਨਦਾਰ ਪ੍ਰਾਪਤੀਆਂ ਕਰਕੇ ਉਸਨੂੰ ਪਿਛਲੇ ਇਕ ਦਹਾਕੇ ਤੋਂ ਪੰਚ ਵੀ ਬਣਾਇਆ ਹੋਇਆ ਹੈ। ਪਰ ਉਹ ਸਰਪੰਚਾਂ ਤੇ ਹੋਰ ਆਗੂਆਂ ਨਾਲੋਂ ਕਿਤੇ ਜਿਆਦਾ ਕੰਮ ਕਰ ਰਹੀ ਹੈ।ਸਰਕਾਰੀ ਸਹਾਇਤਾ ਨਾਲ ਜਿੱਥੇ ਪਿੰਡ ਦਾ ਵਿਕਾਸ ਹੋ ਰਿਹਾ ਹੈ ਉਥੇ ਔਰਤਾਂ ਅੰਦਰ ਸਵੈ ਨਿਰਭਰਤਾ ਦਾ ਬਲ ਵੀ ਭੱਰਿਆ ਜਾ ਰਿਹਾ ਹੈ।ਇਸ ਤਰ੍ਹਾਂ ਇਹ ਸੈਲਫ ਹੈਲਪ ਗਰੁੱਪ ਕਮਲਜੀਤ ਕੌਰ ਦੀ ਅਗਵਾਈ ਹੇਠ ਕਈਆਂ ਲਈ ਰਾਹ ਦੁਸੇਰੇ ਦਾ ਕੰਮ ਕਰ ਰਿਹਾ ਹੈ।ਕਮਲਜੀਤ ਕੌਰ ਨੂੰ ਰਾਜ ਪੱਧਰੀ ਸਨਮਾਨ ਤੋਂ ਇਲਾਵਾ ਹੋਰ ਕਈ ਅਦਾਰਿਆਂ ਵਲੋਂ ਵੀ ਮਾਣ ਸਨਮਾਨ ਦੇਕੇ ਉਸਦੇ ਕਾਰਜਾਂ ਦੀ ਸ਼ਲਾਘਾ ਕੀਤੀ ਜਾਂਦੀ ਰਹਿੰਦੀ ਹੈ।ਉਸ ਵਲੋਂ ਇਕ ਵੀ ਪਲ ਵਿਹਲੇ ਬਹਿ ਕੇ ਬੇ ਅਰਥ ਨਹੀਂ ਗੁਆਇਆ ਜਾ ਰਿਹਾ ।ਉਹ ਤਾਂ ਦਿਨ ਰਾਤ ਔਰਤਾਂ ਨੂੰ ਨਵੀਂ ਤੇ ਨਰੋਈ ਦਿਸ਼ਾ ਪ੍ਰਦਾਨ ਕਰਨ ਵਿਚ ਜੁਟੀ ਹੀ ਦਿਖਾਈ ਦਿੰਦੀ ਹੈ।ਇਸ ਤਰਾਂ ਉਹ ਕਈ ਮੁਟਿਆਰਾਂ ਲਈ ਰਾਹ ਦਸੇਰਾ ਬਣ ਕੇ ਵਿਚਰ ਰਹੀ ਹੈ। ਜਦੋਂ ਗਰੁਪਾਂ ਦੀਆਂ ਔਰਤਾਂ ਨਾਲ ਇਸ ਵਿਸ਼ੇ ਤੇ ਗਲ ਬਾਤ ਕੀਤੀ ਗਈ ਤਾਂ ਓਹਨਾਂ ਦੱਸਿਆ ਕੇ ਜੇਕਰ ਓਹਨਾਂ ਨੂੰ ਇਸ ਰਾਹੇ ਨਾ ਪਾਇਆ ਜਾਂਦਾ ਤਾਂ ਸ਼ਾਇਦ ਅਜ ਤਕ ਉਹ ਗਰੀਬੀ ਨਾਲ ਹੀ ਜੂਝਦੀਆਂ ਹੁੰਦੀਆਂ। ਇਸ ਤਰਾਂ ਕਮਲਜੀਤ ਕੌਰ ਵਲੋਂ ਇਸਤਰੀਆਂ ਦੀ ਭਲਾਈ ਦੇ ਨਾਲ ਨਾਲ ਪੰਜਾਬ ਦੀ ਅਰਥ ਵਿਵਸਥਾ ਨੂੰ ਵੀ ਨਰੋਇਆ ਕੀਤਾ ਜਾ ਰਿਹਾ ਹੈ।

## ਪੰਜਾਬ ਯੂਨੀਵਰਸਿਟੀ ਦੀ ਪਹਿਲੀ ਖੁਦਮੁਖਤਾਰ ਸੰਸਥਾ ਬਣੀ ਹੈ ਖਾਲਸਾ ਕਾਲਜ ਮਾਹਿਲਪੁਰ









ਸ਼੍ਰੀਮਾਨ ਸੰਤ ਸਾਧੂ ਸਿੰਘ ਜੀ

ਮਾਹਿਲਪੁਰ ਦੀ ਧਰਤੀ ਨੂੰ ਇਹ ਮਾਣ ਹਾਸਿਲ ਹੈ ਕਿ ਇਸ ਨੇ ਆਪਣੇ ਸੀਨੇ ਦੇ ਸੀਰ ਨਾਲ ਦੇਸ਼ ਵਿਦੇਸ਼ ਵਿਚ ਸ਼ਾਨਦਾਰ ਮੱਲਾਂ ਮਾਰਨ ਵਾਲੇ ਸੂਰਬੀਰ ਯੋਧਿਆਂ ਨੂੰ ਜਨਮ ਦਿੱਤਾ। ਚੀਨੀ ਯਾਤਰੀ ਹਿਊਨਸਾਂਗ ਨੇ ਰਾਜਾ ਹਰਸ਼ਵਰਦਨ ਦੇ ਸਮੇਂ ਇਸ ਪਿੰਡ ਵਿਚ ਇਕ ਰਾਤ ਗੁਜ਼ਾਰੀ ਦੱਸੀ ਜਾਂਦੀ ਹੈ। ਉਸਨੇ ਆਪਣੇ ਸਫਰਨਾਮੇ ਵਿਚ ਇਸ ਥਾਂ ਨੂੰ 'ਸ਼੍ਰੀ ਮਾਹਿਲ' ਲਿਖਿਆ ਹੈ। ਪੂਰੀ ਦੁਨੀਆਂ ਵਿਚ ਮਾਹਿਲਪੁਰ ਨਾਂ ਦਾ ਇਹੀ ਇਕ ਕਸਬਾ ਹੈ। ਸਿੱਖਿਆ, ਸਾਹਿਤ, ਸੱਭਿਆਚਾਰ, ਵਪਾਰ, ਸੈਨਾ, ਪ੍ਰਸਾਸ਼ਨ ਪਤਾ ਨਹੀਂ ਹੋਰ ਕਿੰਨੇ ਕੁ ਖੇਤਰਾਂ ਵਿਚ ਇਥੋਂ ਦੇ ਜੰਮਪਲ ਲੋਕਾਂ ਨੇ ਮੱਲਾਂ ਮਾਰੀਆਂ ਹਨ। ਇਹ ਸਾਰੀਆਂ ਮੱਲਾਂ, ਅਜ਼ਾਦੀ ਤੋਂ ਪਹਿਲਾਂ 1946 ਵਿਚ ਹੋਂਦ ਵਿਚ ਆਏ ਇਥੋਂ ਦੇ ਸ਼੍ਰੀ ਗੁਰੁ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਕਰਕੇ ਹੀ ਸੰਭਵ ਹੋ ਸਕੀਆਂ ਹਨ।ਗਿਆਨ ਦੀ ਰੌਸ਼ਨੀ ਅਤੇ ਸ਼ਕਤੀ ਨਾਲ ਇਥੋਂ ਦੇ ਲੋਕ ਅਗਾਂਹਵਧੂ ਸੋਚ ਦੇ ਧਾਰਨੀ ਬਣਕੇ ਪ੍ਰਦੇਸਾਂ ਵਿਚ ਵੀ ਝੰਡੇ ਗੱਡ ਗਏ।ਨੰਗਲ ਖੁਰਦ ਦੇ ਦੀਦਾਰ ਸਿੰਘ ਬੈਂਸ ਵਲੋਂ ਅਮਰੀਕਾ ਵਿਚ ਕੀਤੀ ਜਾਂਦੀ ਖੇਤੀ ਬਾੜੀ ਦੀ ਚਰਚਾ ਪੂਰੀ ਦੁਨੀਆਂ ਵਿਚ ਹੈ। ਸਕਰੂਲੀ ਪਿੰਡ ਦੇ ਸੋਹਣ ਸੁਰਿੰਦਰ ਸਿੰਘ ਸੰਘਾ ਨੇ 'ਕਨੇਡੀਅਨ ਸਿੱਖਾਂ ਦਾ ਇਤਿਹਾਸ' ਰਚਕੇ ਇਕ ਵੱਡੀ ਮੱਲ ਮਾਰੀ ਹੋਈ ਹੈ।ਇਸ ਕਾਲਜ ਦੇ ਦਿਦਿਆਰਥੀ ਰਹੇ ਸ.ਗੁਲਜ਼ਾਰ ਸਿੰਘ ਸੰਧੂ ਭਾਰਤੀ ਸਾਹਿਤ ਅਕਾਡਮੀ ਦੇ ਪੁਸਕਾਰ ਜੇਤੂ ਹਨ। ਇਸੇ ਤਰ੍ਹਾਂ ਅਜਾਇਬ ਕਮਲ ਨੇ ਮਹਾਂਕਾਵਿ ਦੀ ਰਚਨਾ ਕਰਕੇ ਪੂਰੇ ਵਿਸ਼ਵ ਵਿਚ ਪੰਜਾਬੀ ਸਾਹਿਤ ਦਾ ਮਾਣ ਵਧ-ਾਇਆ।ਇਥੋਂ ਦੇ ਵਿਦਿਆਰਥੀ ਰਹੇ ਚੌਧਰੀ ਗੁਰਮੇਲ ਸਿੰਘ ਪੰਜਾਬ ਦੇ ਸਿੱਖਿਆ ਮੰਤਰੀ ਬਣੇ। ਸੈਨਾਵਾਂ ਵਿਚ ਸਰਵਉੱਚ ਅਹੁਦੇ ਹਾਸਿਲ ਕਰਨ ਵਾਲਿਆਂ ਦੀ ਸੂਚੀ ਤਾਂ ਬਹੁਤ ਲੰਬੀ ਹੈ।ਸ਼੍ਰੀ ਉਜਾਗਰ ਸਿੰਘ ਬੰਗਾ ਡੀ ਪੀ ਆਈ (ਕਾਲਜਾਂ) ਰਿਟਾਇਰ ਹੋ ਚੁੱਕੇ ਹਨ। ਇਸ ਤਰ੍ਹਾਂ ਹਰ ਖੇਤਰ ਵਿਚ ਇਥੋਂ ਦੇ ਵਿਦਿਆਰਥੀਆਂ ਨੇ ਮੱਲਾਂ ਮਾਰ ਕੇ ਖਾਲਸਾ ਕਾਲਜ ਦਾ ਨਾਂ ਪੂਰੇ ਸੰਸਾਰ ਤੇ ਚਮਕਾਇਆ ਹੋਇਆ ਹੈ।

ਖਾਲਸਾ ਕਾਲਜ ਨੇ ਮਹਾਂ ਪੁਰਖਾਂ ਦੀ ਸਿਰਜਣਾ ਵਿਚ ਇਤਿਹਾਸਕ ਭੁਮਿਕਾ ਅਦਾ ਕੀਤੀ ਹੈ। ਇਸਦਾ ਮੁੱਖ ਕਾਰਨ ਇਹ ਹੈ ਕਿ ਇਸ ਕਾਲਜ ਦੀ ਰਚਨਾ ਵਿਚ ਮੋਢੀ ਭੂਮਿਕਾ ਸੰਤ ਬਾਬਾ ਹਰੀ ਸਿੰਘ ਕਹਾਰਪੁਰੀ ਜੀ ਨੇ ਨਿਭਾਈ ਸੀ। ਇਸੇ ਤਰ੍ਹਾਂ ਇਸ ਕਾਲਜ ਦੇ ਬਾਨੀ ਪ੍ਰਿੰਸੀਪਲ ਸ. ਹਰਭਜਨ ਸਿੰਘ ਜੀ ਨੇ ਸਾਰੀ ਉਮਰ ਮੁਫਤ ਸੇਵਾ ਕੀਤੀ ਅਤੇ ਆਪਣੀ ਸਾਰੀ ਪੂੰਜੀ ਕਾਲਜ ਦੇ ਖਾਤੇ ਪਾਈ। ਇਸ ਕਾਲਜ ਦੀ ਸ਼ੁਰੂਆਤ ਡਿਗਰੀ ਕਾਲਜ ਨਾਲ ਹੀ ਹੋਈ ਸੀ।ਉਸ ਜਮਾਨੇ ਇਹ ਬਹੁਤ ਵੱਡੀ ਲੋੜ ਸੀ। ਸਮੇਂ ਦੀ ਤੋਰ ਨਾਲ ਸਮਾਂ ਬਦਲਿਆਂ ਤਾਂ ਤਕਨੀਕੀ ਜੁਗ ਦੀਆਂ ਗੱਲਾਂ ਹੋਣ ਲੱਗੀਆਂ। ਇਸ ਵਾਸਤੇ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਰੰਧਾਵਾ ਨੇ ਡੇਰੇ ਦੇ ਮੁੱਖੀ ਸੰਤ ਬਾਬਾ ਸਾਧੂ ਸਿੰਘ ਕਹਾਰਪੁਰੀ ਜੀ ਨਾਲ ਸਿਰ ਜੋੜ ਵਿਚਾਰਾਂ ਕੀਤੀਆਂ ਤਾਂ ਇਹ ਕਾਲਜ ਦੁਨੀਆਂ ਲਈ ਖਿੱਚ ਦਾ ਕੇਂਦਰ ਬਣਨ ਲੱਗਾ। ਪਿਛਲੇ ਦਸ ਬਾਰਾਂ ਸਾਲਾਂ ਵਿਚ ਹੀ ਡਾ. ਰੰਧਾਵਾ ਨੇ ਆਪਣੀ ਮਿਹਨਤ, ਲਗਨ ਅਤੇ ਸਿਰੜ ਨਾਲ ਇਸ ਸੰਸਥਾ ਨੂੰ ਇਕ ਖੁਦਮੁਖਤਾਰ ਸੰਸਥਾ ਬਣਾ ਦਿੱਤਾ ਹੈ। ਨੈਕ ਦੀਆਂ ਨਿਰੀਖਣ ਟੀਮਾਂ ਨੇ ਇਸ ਕਾਲਜ ਨੂੰ ਸ਼ਾਨਦਾਰ ਕਥਨਾਂ ਨਾਲ ਨਿਵਾਜਿਆ। ਜਿਹੜੇ ਲੋਕ ਦੂਰ ਦੁਰੇਡੇ ਪੜ੍ਹਨ ਲਈ ਜਾਂਦੇ ਸਨ। ਅੱਜਕਲ ਉਹਨਾਂ ਰਾਜਾਂ ਅਤੇ ਇਲਾਕਿਆਂ ਦੇ ਲੋਕ ਇਥੇ ਆ ਕੇ ਪੜ੍ਹ ਰਹੇ ਹਨ। ਅਧਿਆਪਕ ਬਨਾਉਣ ਲਈ ਸੰਤ ਬਾਬਾ ਹਰੀ ਸਿੰਘ ਖਾਲਸਾ ਕਾਲਜ ਆਫ ਐਜੂਕੇਸ਼ਨ ਵਿਚ ਦੋ ਸੌ ਵਿਦਿਆਰਥੀ ਬੀ ਐੱਡ ਅਤੇ ਈ ਟੀ ਟੀ ਕਰਦਾ ਹੈ।



ਸਰੀਰਕ ਸਿੱਖਿਆ ਦੇ ਖੇਤਰ ਵਿਚ ਵੀ ਹਰ ਤਰ੍ਹਾਂ ਦੀ ਡਿਗਰੀ ਪ੍ਰਦਾਨ ਕੀਤੀ ਜਾ ਰਹੀ ਹੈ। ਜਿਸ ਵਿਚ ਸੀ ਪੀ ਐਡ, ਬੀ ਪੀ ਐੱਡ ਦੇ ਨਾਲ ਐਮ ਪੀ ਐਡ ਵੀ ਕਰਵਾਈ ਜਾ ਰਹੀ ਹੈ।

ਸਾਇੰਸ ਅਤੇ ਤਕਨੀਕ ਦੇ ਖੇਤਰ ਦੀਆਂ ਮਾਸਟਰ ਡਿਗਰੀਆਂ ਹਾਸਿਲ ਕਰਨ ਲਈ ਬੱਚੇ ਚੰਡੀਗੜ੍ਹ ਜਾਂ ਹੋਰ ਸ਼ਹਿਰਾਂ ਵਿਚ ਜਾਂਦੇ ਸਨ।ਉਹਨਾਂ ਵਾਸਤੇ ਐਮ ਐਸ ਸੀ ਕਮਿਸਟਰੀ, ਫਿਜ਼ੀਕਸ, ਇੰਡਸਟਰੀਅਲ ਕਮਿਸਟਰੀ, ਇੰਸਟਰੂਮੈਟੇਸ਼ਨ, ਆਈ ਟੀ ਅਤੇ ਐਮ ਕੌਮ ਦਾ ਵੀ ਪ੍ਰਬੰਧ ਕੀਤਾ ਜਾ ਚੁੱਕਾ ਹੈ। ਕੰਪਿਊਟਰ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਬੀ ਸੀ ਏ ਤੋਂ ਇਲਾਵਾ ਪੀ ਜੀ ਡੀ ਸੀ ਏ ਦੇ ਖੇਤਰ ਵਿਚ ਵਿਦਿਆਰਥੀ ਸ਼ਾਨਦਾਰ ਪ੍ਰਾਪਤੀਆਂ ਕਰ ਰਹੇ ਹਨ। ਬੀ ਐਸ ਸੀ ਐਗਰੀਕਲਚਰ ਵਰਗੇ ਕੋਰਸ ਸਿਰਫ ਲੁਧਿਆਣੇ ਦੀ ਖੇਤੀਬਾੜੀ ਯੂਨੀਵਰਸਿਟੀ ਵਿਚ ਹੀ ਉਪਲੱਬਧ ਹਨ। ਉਹ ਕੋਰਸ ਇਸ ਕਾਲਜ ਦੀ ਸ਼ਾਨ ਬਣ ਰਹੇ ਹਨ। ਇਸਦੇ ਨਾਲ ਹੀ ਬੀ ਐਸ ਸੀ ਫੈਸ਼ਨ ਡਿਜ਼ਾਈਨਿੰਗ ਅਤੇ ਜਨਰਲ ਵੀ ਕਰਾਈ ਜਾ ਰਹੀ ਹੈ।

ਖਾਲਸਾ ਕਾਲਜ ਮਾਹਿਲਪੁਰ ਵਿਚ ਭਖਦੇ ਮਸਲਿਆਂ ਤੇ ਕੌਮੀ ਪੱਧਰ ਦੇ ਸੈਮੀਨਰ ਇਥੋਂ ਦੇ ਗਦਰੀ ਬਾਬਾ ਹਰਜਾਪ ਸਿੰਘ ਦੀ ਯਾਦ ਵਿਚ ਉਸਾਰੇ ਕਨਵੈਨਸ਼ਨ ਹਾਲ ਵਿਚ ਅਕਸਰ ਕਰਵਾਏ ਜਾਂਦੇ ਰਹਿੰਦੇ ਹਨ। ਜਿਸ ਨਾਲ ਕਾਲਜ ਦੀ ਪਛਾਣ ਖੋਜ ਦੇ ਖੇਤਰ ਵਿਚ ਵੀ ਸਭ ਤੋਂ ਅੱਗੇ ਆ ਰਹੀ ਹੈ। ਖੋਜ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਇਥੇ ਵੱਖੋ ਵੱਖਰੇ ਸਟੱਡੀ ਸੈਂਟਰ ਵੀ ਖੋਲੇ ਜਾ ਚੁੱਕੇ ਹਨ। ਜਿਹਨਾਂ ਵਿਚ ਗਾਂਧੀ, ਨਹਿਰੂ, ਡਾ ਅੰਬੇ-ਦਕਰ, ਬੁੱਧਾ ਅਤੇ ਮਹਿਲਾ ਸਟੱਡੀ ਸੈਂਟਰ ਯੂ ਜੀ ਸੀ ਦੀ ਅਗਵਾਈ ਹੇਠ ਬੜਾ ਸ਼ਾਨਦਾਰ ਖੋਜ ਕਾਰਜ ਕਰ ਰਹੇ ਹਨ।ਖਾਲਸਾ ਕਾਲਜ ਵਿਚ ਅਰਥ ਸ਼ਾਸ਼ਤਰ, ਪੰਜਾਬੀ, ਇਤਿਹਾਸ ਅਤੇ ਰਾਜਨੀਤੀ ਸ਼ਾਸ਼ਤਰ ਦੀ ਮਾਸਟਰ ਡਿਗਰੀ ਦੀ ਪੜ੍ਹਾਈ ਵੀ ਕਰਾਈ ਜਾਂਦੀ ਹੈ। 26 ਏਕੜ ਰਕਬੇ ਵਿਚ ਫੈਲੇ ਇਸ ਕਾਲਜ ਕੈਂਪਸ ਦਾ ਮਹੌਲ ਜਿੱਥੇ ਵਾਤਾਵਰਣ ਨੂੰ ਸਿਹਤਮੰਦ ਬਣਾਈ ਰੱਖਣ ਵਿਚ ਸਹਾਈ ਸਿੱਧ ਹੋ ਰਿਹਾ ਹੈ ਉੱਥੇ ਮੁੰਡੇ ਤੇ ਕੁ-ੜੀਆਂ ਦੇ ਹੋਸਟਲ ਵੀ ਅਲੱਗ ਅੱਲਗ ਹਨ।ਆਧੂਨਿਕ ਸਹੂਲਤਾਂ ਨਾਲ ਲੈਸ ਹੋਈ ਹਰ ਪ੍ਰਯੋਗਸ਼ਾਲਾ ਸਮੇਂ ਦੇ ਹਾਣੀ ਬਨਾਉਣ ਦੇ ਸਮਰੱਥ ਹੈ। ਤਿੰਨ ਫੁਟਬਾਲ ਦੇ ਮੈਦਾਨ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਸਟੇਡੀਅਮ ਇਸ ਕਾਲਜ ਦੀ ਸੁੰਦਰਤਾ ਨੂੰ ਦੂਣ ਸਵਾਇਆ ਕਰਦੇ ਹਨ।ਨੈਕ ਤੋਂ ਉਚ ਦਰਜਾ ਪ੍ਰਾਪਤ ਇਸ ਕਾਲਜ ਪਾਸ ਸਟਾਫ ਕਲੋਨੀ ਤੋਂ ਇਲਾਵਾ ਆਈ ਸੀ ਐਸ ਈ ਸਿਲੇਬਸ ਵਾਲਾ ਸਕੂਲ ਵੀ ਸੰਤ ਬਾਬਾ ਹਰੀ ਸਿੰਘ ਜੀ ਦੀ ਯਾਦ ਵਿਚ ਚੱਲ ਰਿਹਾ ਹੈ। ਪਿਛਲੇ ਸਾਲਾਂ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਲੇਖਾ ਜੋਖਾ ਕਰਨਾ ਹੋਵੇ ਤਾਂ ਪੂਰੀ ਪੁਸਤਕ ਲਿਖੀ ਜਾ ਸਕਦੀ ਹੈ। ਕਾਲਜ ਦੇ ਵਿਦਿਆਰਥੀ ਕੌਮੀ ਅਤੇ ਰਾਜ ਪੱਧਰ ਤੇ ਕਈ ਪੁਰਸਕਾਰ ਵੀ ਹਾਸਿਲ ਕਰ ਚੁਕੇ ਹਨ। ਇਹ ਸ਼ਾਨਦਾਰ ਪ੍ਰਾ-ਪਤੀਆਂ ਸਟਾਫ ਦੀ ਮਿਹਨਤ ਅਤੇ ਪ੍ਰਿੰਸੀਪਲ ਸੁਰਜੀਤ ਸਿੰਘ ਰੰਧਾਵਾ ਦੀ ਸੁਯੋਗ ਅਗਵਾਈ ਨਾਲ ਹੀ ਸੰਭਵ ਹੋ ਰਹੀਆਂ ਹਨ। ਯੂ ਜੀ ਸੀ ਦੇ ਸਹਿਯੋਗ ਨਾਲ ਇਥੇ ਇਕ ਸਵਿਮਿੰਗ ਪੂਲ ਅਤੇ ਇੰਨਡੋਰ ਸਟੇਡੀਅਮ ਦੀ ਉਸਾਰੀ ਵੀ ਕੀਤੀ ਜਾ ਰਹੀ ਹੈ। ਸਾਲ 2013 ਵਿਚ ਇਹ ਕਾਲਜ ਪੰਜਾਬ ਯੂਨੀਵਰਸਿਟੀ ਦੇ ਪਹਿਲੇ ਖੁਦਮੁਖਤਾਰ ਕਾਲਜ ਦਾ ਦਰਜਾ ਹਾਸਿਲ ਕਰਕੇ ਪੰਜਾਬ ਦਾ ਇਹ ਦੂਜਾ ਖੁਦਮੁਖਤਾਰ ਕਾਲਜ ਬਣ ਗਿਆ ਹੈ। ਸ਼੍ਰੀ ਗੁਰੁ ਗੋਬਿੰਦ ਸਿੰਘ ਖਾਲਸਾ ਕਾਲਜ ਲਈ ਇਹ ਵੀ ਮਾਣ ਵਾਲੀ ਗੱਲ ਹੈ ਕਿ ਇਸ ਕਾਲਜ ਦੇ ਆਧੁਨਿਕ ਸੋਚ ਵਾਲੇ ਪ੍ਰਿੰਸੀਪਲ ਡਾ ਸੁਰਜੀਤ ਸਿੰਘ ਰੰਧਾਵਾ ਪੰਜਾਬ ਯੂਨਵਿਰਸਿਟੀ ਦੇ ਦੂਜੀ ਵਾਰ ਵੀ ਸੈਨੇਟਰ ਚੁਣੇ ਜਾ ਚੁੱਕੇ ਹਨ। ਇੰਜ ਉਹ ਵਿਦਿਅਕ ਅਤੇ ਪ੍ਰਬੰਧਕੀ ਮਸਲਿਆਂ ਦੇ ਫੌਰੀ ਹੱਲ ਲਈ ਸਦਾ ਤੱਤਪਰ ਰਹਿੰਦੇ ਹਨ। ਇਥੇ ਪੜ੍ਹ ਰਹੇ ਵਿਦਿਆਰਥੀਆਂ ਵਿਚੋਂ ਕਈ ਖੇਡ ਰਿਕਾਰਡ ਕਾਇਮ ਕਰ ਚੁੱਕੇ ਹਨ। ਆਦਰਸ਼ ਇਨਸਾਨ ਬਣਾਉਣ ਲਈ ਜਿਹੜੀਆਂ ਸਰਗਰ-ਮੀਆਂ ਸਮੇ ਦੀ ਲੋੜ ਅਨੁਸਾਰ ਲੋੜੀਂਦੀਆਂ ਹਨ ਉਹਨਾਂ ਦਾ ਅਯੋਜਨ ਇਥੇ ਅਕਸਰ ਕੀਤਾ ਜਾਂਦਾ ਰਹਿੰਦਾ ਹੈ। ਇਸ ਤਰ੍ਹਾਂ ਇਹ ਕਾਲਜ ਹਰ ਖੇਤਰ ਵਿਚ ਨਰੋਏ ਮੀਲ ਪੱਥਰ ਗੱਡਦਾ ਹੋਇਆ ਆਏ ਦਿਨ ਅੱਗੇ ਵਧ ਰਿਹਾ ਹੈ। ਇਸ ਸਭ ਕਾਸੇ ਦਾ ਸਿਹਰਾ ਡਾ. ਰੰਧਾਵਾ ਸਿਰ ਬੱਝਦਾ ਹੈ ਜਿਹਨਾਂ ਨੇ ਇਸ ਸੰਸਥਾ ਦੀ ਬਿਹਤਰੀ ਵਿਚ ਕੋਈ ਕਸਰ ਬਾਕੀ ਨਹੀ ਛੱਡੀ।

# ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਮਨਾਉਣ ਸਬੰਧੀ ਤਿਆਰੀਆਂ ਮੁਕੰਮਲ



ਪੰਜ ਮਈ ਦਿਨ ਐਤਵਾਰ ਨੂੰ ਇੰਟਰਨੇਸ਼ਨਲ ਬਹੁਜਨ ਆਰਗੇਨਾਈਜੇਸ਼ਨ ਦੀ ਇਕ ਵਿਸ਼ੇਸ਼ ਮੀਟਿੰਗ ਵੁੱਡਲੈਂਡ ਹਿਲ ਪਾਰਕ ਵਿਚ ਅਯੋਜਿਤ ਕੀਤੀ ਗਈ। ਜਿਸ ਵਿਚ ਆਈ. ਬੀ .ਓ. ਦੇ ਮੈਂਬਰਾਨ ਅਤੇ ਪਰਿਵਾਰਾਂ ਦੇ ਮੈਂਬਰਾਂ ਨੇ ਹਿੱਸਾ ਲਿਆ। ਇਸ ਮੀਟਿੰਗ ਨੂੰ ਪਿਕਨਿਕ ਪਾਰਟੀ ਦੇ ਤੌਰ ਮਨਾਇਆ ਗਿਆ। ਛੱਬੀ ਮਈ 2013 ਨੂੰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਮਹਿਰਾਨ ਰੈਸਟੋਰੈਂਟ ਪਿਟਸਬਰਗ ਵਿਚ ਮਨਾਉਣ ਦੇ ਸਬੰਧ ਵਿਚ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ। ਇਸ ਮੀਟਿੰਗ ਵਿਚ ਹਾਜ਼ਿਰ ਸਾਰੇ ਮੈਬਰਾਂ ਵਿਚ ਬਹੁਤ ਉਤਸ਼ਾਹ ਅਤੇ ਜੋਸ਼ ਵੇਖਣ ਵਾਲਾ ਸੀ। ਸਾਰੇ ਮੈਬਰਾਂ ਨੇ ਆਪਣੀਆਂ ਜੁੰਮੇਵਾਰੀਆਂ ਨਿਭਾਉਣ ਵਾਸਤੇ ਵਿਸ਼ੇਸ਼ ਯੋਜਨਾਵਾਂ ਉੱਪਰ ਵਿਚਾਰ ਕੀਤਾ ਗਿਆ। ਇਸ ਮੀਟਿੰਗ ਵਿਚ ਸਰਵ ਸਿਰੀ ਕੁੰਦਨ ਲਾਲ , ਧਰਮਪਾਲ ਚੌਕੜੀਆ, ਕਮਲ ਦੇਵ ਪਾਲ, ਅਜੇ ਕਟਾਰੀਆ, ਦਲਵਿੰਦਰ ਪਾਲ, ਸਤਪਾਲ ਸੁਰੀਲਾ, ਦਸ਼ਵਿੰਦਰ ਪਾਲ, ਵਿਨੋਦ ਚੁੰਬਰ, ਪਰਸ ਰਾਮ ਬੈਂਸ, ਹੇਮ ਰਾਜ ਲਧੱੜ, ਸੰਤੋਖ ਸਰੋਆ, ਉਪਿੰਦਰ ਪਾਲ (ਰਿੱਕੀ ਡਿਜੀਟਲ ਸੈਂਟਰ) ਸੋਨੂੰ ਬੈਂਸ, ਸਨੀ ਕਟਾਰੀਆ, ਸ਼ੁਸ਼ੀਲ ਕਟਾਰੀਆ, ਬੀਬੀ ਆਸ਼ਾ ਰਾਣੀ ਕਟਾਰੀਆ, ਸੰਤੋਸ਼ ਕਟਾਰੀਆ, ਸੁਬਰੇਨ ਪਾਲ, ਗੁਰਬਖਸ਼ ਕੌਰ, ਸ਼ੀਨਾ ਕਟਾਰੀਆ, ਸੀਮਾ ਪਾਲ, ਸੰਤੋਸ਼ ਪਾਲ, ਕਮਲਾ ਦੇਵੀ, ਪਿੰਕੀ ਬੈਂਸ, ਹਰਜਿੰਦਰ ਕੌਰ, ਤੇਜੋ ਮਾਸੀ, ਗੁਰਮੀਤ ਕੌਰ ਅਤੇ ਸਨੀ ਹਿੱਸਾ ਲਿਆ। ਬਚਿੱਆਂ ਦੇ ਖੇਡਣ ਵਾਸਤੇ ਵਿਸ਼ੇਸ਼ ਪਰਬੰਧ ਕੀਤੇ ਗਏ ਸਨ। ਇਹ ਮੀਟਿੰਗ ਇਕ ਬਹੁਤ ਹੀ ਯਾਦਗਾਰੀ ਹੋ ਨਿਬੜੀ। ਬਾਬਾ ਸਾਹਿਬ ਦੇ ਜਨਮ ਦਿਨ ਦੀਆਂ ਖੁਸ਼ੀਆ ਵਿਚ ਸ਼ਾਮਿਲ ਹੋਣ ਵਾਸਤੇ ਕੈਲੀਫੋਰਨੀਆਂ ਦੇ ਸਭ ਅੰਬੇਦਕਰੀ ਸਾਥੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ।

ਰਿਪੋਰਟ- ਕਮਲ ਦੇਵ ਪਾਲ (ਜਨਰਲ ਸਕੱਤਰ)

## ਸਿਆਸੀ ਖੇਮੇ 'ਚ 'ਭਲਵਾਨੀ' ਦੀ ਪਹਿਚਾਣ

ਕੁਸ਼ਤੀ ਮੁਕਾਬਲਿਆਂ ਵਿਚ ਫਤਿਹ ਲੈਣ ਲਈ ਯੁਗਤ, ਤਿਆਰੀ ਤੇ ਸਮਰੱਥਾ ਵਾਲੇ ਸੁਮੇਲ ਦਾ ਰਾਜ ਜਿੱਥੇ ਪਹਿਲਵਾਨ ਸਤਨਾਮ ਸਿੰਘ ਲਾਦੀਆਂ ਨੂੰ ਖੇਤਰ ਦਾ 'ਖੇਡ ਹੀਰਾ' ਬਣਾ ਚੁੱਕਾ ਹੈ, ਉਥੇ ਖੇਤਰ ਦੇ ਸਿਆਸੀ ਖੇਮੇ 'ਚ ਪਾਰਦਰਸ਼ੀ ਆਗੂ ਵਜੋਂ ਭੂਮਿਕਾ ਨਿਭਾਉਂਦਿਆਂ ਸਮਾਜ ਅੰਦਰ ਸਾਰਥਿਕ ਨੁਮਾਇੰਦਾ ਬਣ ਕੇ ਵਿਚਰ ਰਿਹਾ ਹੈ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬੰਗਾ ਦੇ ਪਿੰਡ ਲਾਦੀਆਂ ਨੂੰ ਉਸ ਦੇ ਜੀਵਨ ਮਿਸ਼ਨ 'ਤੇ ਮਾਣ ਹੈ। ਇਸ ਨੌਜਵਾਨ ਨੂੰ ਭਲਵਾਨੀ ਦੀ ਗੁੜ੍ਹਤੀ ਪਿਤਾ ਲਾਲ ਸਿੰਘ ਤੋਂ ਮਿਲੀ। ਕੁਸ਼ਤੀ ਦੀਆਂ ਬਰੀਕੀਆਂ ਜਾਨਣ ਲਈ ਉਸ ਨੇ ਮਹਿੰਦਰ ਸਿੰਘ ਟਿੱਬੀ ਵਾਲਿਆਂ ਨੂੰ ਉਸਤਾਦ ਬਣਾਇਆ। ਸਤਨਾਮ ਸਿੰਘ ਲਾਦੀਆਂ ਜੰਡਿਆਲਾ, ਬਾਲੋਂ, ਕਲੇਰਾਂ, ਕੰਗਰੌੜ, ਕਟਾਰੀਆਂ, ਮੇਹਟੀਆਣਾ ਆਦਿ ਪਿੰਡਾਂ ਦੀਆਂ ਮਸ਼ਹੂਰ ਕੁਸ਼ਤੀਆਂ 'ਚ ਪਟਕੇ ਜਿੱਤ ਚੁੱਕਾ ਹੈ। ਮੰਨਣਹਾਨਾਂ ਦੇ ਕੁਸ਼ਤੀ ਦੰਗਲ 'ਚ ਪਰਮਿੰਦਰ ਡੂਮਛੇੜੀ ਨਾਲ ਹੋਈ ਬਰਾਬਰ ਦੀ ਟੱਕਰ ਨੂੰ ਅੱਜ ਵੀ ਕੁਸ਼ਤੀ ਪ੍ਰੇਮੀ ਯਾਦ ਕਰਦੇ ਹਨ। ਨਵੀਂ ਪੀੜ੍ਹੀ ਨੂੰ ਕੁਸ਼ਤੀ ਨਾਲ ਜੋੜਨ ਲਈ ਉਹ ਪਿੰਡ 'ਚ ਕੁਸ਼ਤੀ ਅਖਾੜਾ ਵੀ ਚਲਾ ਰਿਹਾ ਹੈ।



ਭਲਵਾਨੀ ਦੇ ਨਾਲ ਨਾਲ ਸਿਆਸੀ ਤੌਰ 'ਤੇ ਸਤਨਾਮ ਸਿੰਘ ਲਾਦੀਆਂ ਕਾਂਗਰਸ ਪਾਰਟੀ ਦਾ ਬਲਾਕ ਜਨਰਲ ਸਕੱਤਰ ਹੈ ਅਤੇ ਖੇਤਰ ਅੰਦਰ ਪਾਰਟੀ ਦੀ ਮਜ਼ਬੂਤੀ ਲਈ ਵੀ ਬਰਾਬਰ ਦੀ ਭੂਮਿਕਾ ਨਿਭਾਅ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਜਿਵੇਂ ਖੇਡਾਂ ਵਿਚ ਸਮਰਪਿਤ ਹੋ ਕੇ ਜਿੱਤ ਹਾਸਲ ਕੀਤੀ ਜਾਂਦੀ ਹੈ, ਉਵੇਂ ਜੇਕਰ ਸਿਆਸਤ ਵਿਚ ਵੀ ਸੱਚਮੁਚ ਲੋਕ ਸੇਵਾ ਨੂੰ ਮੁੱਖ ਰੱਖ ਕੇ ਚੱਲਿਆ ਜਾਵੇ ਤਾਂ ਸਮਾਜਿਕ ਪਰਿਵਰਤਨ ਵਿਚ ਹੋਰ ਸਹਿਯੋਗ ਮਿਲ ਸਕਦਾ ਹੈ। ਜਿੱਥੇ ਕੁਸ਼ਤੀ ਦੇ ਅੰਤਰ ਰਾਸ਼ਟਰੀ ਕੋਚ ਪੀ .ਆਰ. ਸੌਂਧੀ ਨੇ ਕਿਹਾ ਕਿ ਸਤਨਾਮ ਸਿੰਘ ਲਾਦੀਆਂ ਅੰਦਰ ਸਮਰੱਥ ਪਹਿਲਵਾਨ ਵਾਲੀਆਂ ਸੰਭਾਵਨਾਵਾਂ ਨਿਰੰਤਰ ਮੌਜੂਦ ਹਨ, ਉਥੇ ਬੰਗਾ ਤੋਂ ਕਾਂਗਰਸ ਵਿਧਾਇਕ ਚੌਧਰੀ ਤਰਲੋਚਨ ਸਿੰਘ ਸੂੰਢ ਨੇ ਕਿਹਾ ਕਿ ਸਤਨਾਮ ਸਿੰਘ ਲਾਦੀਆਂ ਵਰਗੇ ਅਗਾਂਹਵਧੂ ਨੌਜਵਾਨਾਂ ਦੀ ਸਿਆਸਤ ਵਿਚ ਆਮਦ ਸਮਾਜ ਲਈ ਨਵੀਂ ਪ੍ਰੇਰਨਾ ਹੈ।

ਇੱਥੇ ਵਰਣਨਯੋਗ ਹੈ ਕਿ ਪਹਿਲਵਾਨ ਸਤਨਾਮ ਸਿੰਘ ਲਾ-ਦੀਆਂ ਸਮਾਜ ਸੇਵਾ ਦੇ ਕਾਰਜਾਂ 'ਚ ਵੀ ਮੋਹਰੀ ਹੋ ਕੇ ਭੂਮਿਕਾ ਨਿਭਾਉਂਦੇ ਹਨ, ਉਦਾਹਰਣ ਵਜੋਂ ਉਹ ਆਪਣੇ ਖੇਤਾਂ ਦੀ ਫਸਲ 'ਚੋਂ ਦਸੌਂਧ ਕੱਢ ਕੇ ਲੋੜਵੰਦਾਂ 'ਚ ਹਰ ਵਰ੍ਹੇ ਵੰਡਦੇ ਹਨ।

-ਸੁਰਜੀਤ ਮਜਾਰੀ 98721-93237

## ਪੰਚਾਇਤ ਚੋਣਾਂ

### ਵਿਧਾਨ ਸਭਾ ਬੰਗਾ ਹਲਕੇ 'ਚ ਖਟਕੜ ਕਲਾਂ, ਮੁਕੰਦਪੁਰ, ਔੜ, ਕੁਲਥਮ, ਬਾਹੜੋਵਾਲ 'ਚ ਚੋਣ ਪ੍ਰਚਾਰ ਭਖਿਆ

ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਦਾ ਬਿਗਲ ਵੱਜਦਿਆਂ ਕੁਦਰਤੀ ਗਰਮੀ ਦੇ ਨਾਲ ਨਾਲ ਸਿਆਸੀ ਮਾਹੌਲ ਵਿਚ ਗਰਮਾਹਟ ਆਉਣੀ ਸ਼ੁਰੂ ਹੋ ਗਈ ਹੈ। ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਲਈ ਉਮੀਦਵਾਰਾਂ ਦੇ ਐਲਾਨ ਹੁੰਦਿਆਂ ਹੀ ਉਮੀਦਵਾਰਾਂ ਵੱਲੋਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਸ਼ਹੀਦ ਭਗਤ ਸਿੰਘ ਨਗਰ ਦੇ ਦਸ ਜ਼ਿਲ੍ਹਾ ਪ੍ਰੀਸ਼ਦ ਹਲਕਿਆਂ ਦੀ ਲੜੀ 'ਚ ਖਟਕੜ ਕਲਾਂ, ਮੁਕੰਦਪੁਰ, ਔੜ, ਕੁਲਥਮ, ਬਾਹੜੋਵਾਲ ਜ਼ੋਨਾਂ ਵਿਚ ਵੱਖ ਵੱਖ ਸਿਆਸੀ ਪਾਰਟੀਆਂ ਨੇ ਆਪਣੇ ਉਮੀਦਵਾਰਾਂ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ। 19 ਮਈ ਨੂੰ ਹੋਣ ਜਾ ਰਹੀਆਂ ਚੋਣਾਂ ਲਈ ਨਾਮਜ਼ਦਗੀਆਂ ਭਰਨ ਅਤੇ ਕਾਗਜ਼ਾਂ ਦੀ ਜਾਂਚ ਤੋਂ ਬਾਅਦ ਉਮੀਦਵਾਰਾਂ ਨੇ ਪਿੰਡ ਪਿੰਡ ਜਾ ਕੇ ਮੀਟਿੰਗਾਂ ਦਾ ਸਿਲਸਿਲਾ ਅਰੰਭ ਕਰ ਦਿੱਤਾ ਹੈ। ਚੋਣ ਪ੍ਰਚਾਰ ਵਜੋਂ ਜ਼ਿਲ੍ਹਾ ਅਕਾਲੀ ਭਾਜਪਾ ਗੱਠਜੋੜ ਦੇ ਉਮੀਦਵਾਰ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਗੁਣਗਾਨ ਕਰ ਰਹੇ ਹਨ, ਉਥੇ ਕਾਂਗਰਸ ਨਾਲ ਸਬੰਧਤ ਉਮੀਦਵਾਰਾਂ ਵੱਲੋਂ ਇਨ੍ਹਾਂ ਦੀ ਕਾਟ ਕਰਕੇ ਕੇਂਦਰ ਸਰਕਾਰ ਦੇ ਖਾਤੇ 'ਚ ਅੰਕ ਜੋੜੇ ਜਾ ਰਹੇ ਹਨ। ਦੂਜੇ ਪਾਸੇ ਤੀਜੇ ਮੋਰਚੇ ਦੇ ਉਮੀਦਵਾਰ ਲੋਕਾਂ ਨੂੰ ਨਵੇਂ ਉਮੀਦਵਾਰ ਅੱਗੇ ਲਿਆਉਣ ਲਈ ਪ੍ਰੇਰਿਤ ਕਰ ਰਹੇ ਹਨ। ਜ਼ਿਲ੍ਹਾ ਪ੍ਰੀਸ਼ਦ ਹਲਕਾ ਕੁਲਥਮ ਤੋਂ ਪ੍ਰਮੁੱਖ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ ਦੇ ਨਵਦੀਪ ਸਿੰਘ ਅਨੋਖਰੋਵਾਲ ਜੋ ਕਿ ਅਕਾਲੀ ਆਗੂ ਸਵਰਗੀ ਜਸਵਿੰਦਰ ਸਿੰਘ ਦੇ ਫਰਜੰਦ ਹਨ। ਕਾਂਗਰਸ ਪਾਰਟੀ ਦੇ ਰਘਵੀਰ ਸਿੰਘ ਬਿੱਲਾ, ਜਿਹਨਾਂ ਦੀ ਪਤਨੀ ਪਿਛਲੀ ਵਾਰ ਇਸ ਹਲਕੇ ਤੋਂ ਚੋਣ ਜਿੱਤੇ ਸਨ ਅਤੇ ਬਸਪਾ ਵੱਲੋਂ ਪ੍ਰਵੀਨ ਬੰਗਾ ਜੋ ਇਸ ਹਲਕੇ ਤੋਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਹਿ ਚੁੱਕੇ ਹਨ, ਵਿਚਕਾਰ ਹੈ। ਬਾਹੜੋਵਾਲ ਜ਼ੋਨ ਔਰਤਾਂ ਲਈ ਰਾਖਵਾਂ ਹੈ, ਜਿੱਥੇ ਅਕਾਲੀ ਉਮੀਦਵਾਰ ਪਿੰਡ ਜੰਡਿਆਲਾ ਦੇ ਸਾਬਕਾ ਸਰਪੰਚ ਬੀਬੀ ਬਲਦੀਸ਼ ਕੌਰ ਅਤੇ ਪਿੰਡ ਝੰਡੇਰ ਕਲਾਂ ਤੋਂ ਉਮੀਦਵਾਰ ਤੇ ਕਾਂਗਰਸੀ ਆਗੂ ਅਮਰਜੀਤ ਕੌਰ ਅਤੇ ਸੰਦੀਪ ਕੌਰ ਆਪੋ ਆਪਣੀ ਕਿਸਮਤ ਅਜ਼ਮਾ ਰਹੀਆਂ ਹਨ। ਇਵੇਂ ਹੀ ਐਸ. ਸੀ. ਰਾਖਵਾਂ ਹਲਕਾ ਮੁਕੰਦਪੁਰ ਵਿਚ ਵੀ ਮੁਕਾਬਲਾ ਸਖਤ ਹੋਵੇਗਾ। ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਨੌਜਵਾਨ ਆਗੂ ਸੁਰਜੀਤ ਸਿੰਘ ਝਿੰਗੜ ਅਤੇ ਕਾਂਗਰਸ ਉਮੀਦਵਾਰ ਬਲਿਹਾਰ ਲੋਹਟੀਆ, ਬਸਪਾ ਦੇ ਮਨੋਹਰ ਕਮਾਮ ਮੁਕਾਬਲੇ ਲਈ ਮੈਦਾਨ ਵਿਚ ਹਨ। ਖਟਕੜ ਕਲਾਂ ਜ਼ਿਲ੍ਹਾ ਪ੍ਰੀਸ਼ਦ ਹਲਕੇ ਲਈ ਬਹੁਜਨ ਸਮਾਜ ਪਾਰਟੀ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋਏ ਪਰਮਜੀਤ ਗੋਸਲ ਅਤੇ ਰਾਕੇਸ਼ ਕੁਮਾਰ ਕਰਨਾਣਾ ਕਾਂਗਰਸੀ, ਹਰੀ ਰਾਮ ਰਸੂਲਪੁਰੀ, ਤੀਰਥ ਸਿੰਘ ਭਰੋਮਜਾਰ ਬਸਪਾ, ਬਲਵੀਰ ਸਿੰਘ,ਹਰਬਲਾਸ ਆਪੋ ਆਪਣੀ ਸਿਆਸੀ ਜ਼ੋਰ ਅਜ਼ਮਾਇਸ਼ ਕਰ ਰਹੇ ਹਨ। ਬੰਗਾ ਬਲਾਕ ਵਿਚ ਜ਼ਿਲ੍ਹਾ ਪ੍ਰੀਸ਼ਦ ਲਈ 18 ਉਮੀਦਵਾਰ ਅਤੇ ਬਲਾਕ ਸੰਮਤੀ ਲਈ 91 ਉਮੀਦਵਾਰ ਆਪਣੇ ਨਾਮਜਦਗੀ ਕਾਗਜ਼ ਦਾਖਲ ਕਰ ਚੁੱਕੇ ਹਨ। ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਲਈ ਅਕਾਲੀ ਦਲ ਵੱਲੋਂ ਹਲਕਾ ਇੰਚਾਰਜ ਚੌਧਰੀ ਮੋਹਣ ਸਿੰਘ, ਸਾਬਕਾ ਵਿਧਾਇਕ ਬੰਗਾ, ਬੁੱਧ ਸਿੰਘ ਬਲਾਕੀਪੁਰ ਜ਼ਿਲ੍ਹਾ ਯੂਥ ਵਿੰਗ ਪ੍ਰਧਾਨ, ਡਾਕਟਰ ਸੁਖਵਿੰਦਰ ਸੁੱਖੀ, ਸੰਤੋਖ ਸਿੰਘ ਮੱਲ੍ਹਾ, ਰਣਜੀਤ ਸਿੰਘ ਝਿੰਗੜ, ਵੱਲੋਂ ਆਪਣੇ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤਾ ਹੈ। ਕਾਂਗਰਸ ਪਾਰਟੀ ਵੱਲੋਂ ਵਿਧਾਇਕ ਬੰਗਾ ਤਰਲੋਚਨ ਸਿੰਘ ਸੂੰਢ, ਮਲਕੀਤ ਸਿੰਘ ਬਾਹੜੋਵਾਲ, ਸਤਵੀਰ ਸਿੰਘ ਪੱਲੀ ਝਿੱਕੀ ਜ਼ਿਲ੍ਹਾ ਪ੍ਰਧਾਨ, ਪ੍ਰਚਾਰ ਹਿਤ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਕਰ ਰਹੇ ਹਨ। ਬਹੁਜਨ ਸਮਾਜ ਪਾਰਟੀ ਵੱਲੋਂ ਰਾਜਿੰਦਰ ਸਿੰਘ ਠੇਕੇਦਾਰ, ਮਨੋਹਰ ਬਹਿਰਾਮ, ਪ੍ਰਵੀਨ ਬੰਗਾ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਉਮੀਦਵਾਰਾਂ ਦੇ ਹੱਕ ਵਿਚ ਡਟੇ ਹੋਏ ਹਨ।

- ਰੇਸ਼ਮ ਕਰਨਾਣਵੀ

## ਭਾਰਤੀ ਸੰਵਿਧਾਨ ਮਾੜਾ ਨਹੀਂ, ਲਾਗੂ ਕਰਨ ਵਾਲੇ ਬੇਈਮਾਨ ਨਿਕਲੇ- ਡਾ.ਵਿਰਦੀ







ਟਰਾਂਟੋ, ਕੈਨੇਡਾ- ਅੱਜ ਇੱਥੇ ਡਾ. ਅੰਬੇਦਕਰ ਇੰਟਰਨੈਸ਼ਨਲ ਮਿਸ਼ਨ ਕੈਨੇਡਾ ਵੱਲੋਂ ਕੈਟਰੀਨਾ ਪੈਲੇਸ ਵਿਖੇ ਭਾਰਤੀ ਸੰਵਿਧਾਨ ਨਿਰਮਾਤਾ ਡਾ. ਬਾਬਾ ਸਾਹਿਬ ਅੰਬੇਦਕਰ ਜੀ ਦਾ 112ਵਾਂ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆਗਿਆ। ਇਸ ਮੌਕੇ ਭਾਰਤ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਉਘੇ ਲੇਖਕ ਤੇ ਚਿੰਤਕ ਡਾ. ਐਸ. ਐਲ. ਵਿਰਦੀ ਐਡਵੋਕੇਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੂਲ ਭਾਰਤੀਆਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਭਾਰਤ ਦਾ ਨਾਮ ਵਿਸ਼ਵ ਪੱਧਰ 'ਤੇ ਡਾ. ਅੰਬੇਦਕਰ ਦੇ ਲੋਕਤੰਤਰਿਕ ਸੰਵਿਧਾਨ ਕਰਕੇ ਚਮਕਦਾ ਹੈ। ਭਾਰਤੀ ਲੋਕਤੰਤਰ ਵਿਸ਼ਵ ਦਾ ਮਾਰਗ ਦਰਸ਼ਨ ਕਰ ਰਿਹਾ ਹੈ। ਡਾ. ਅੰਬੇਦਕਰ ਨੇ ਭਾਰਤੀ ਸੰਵਿਧਾਨ ਨੂੰ ਰਾਜ ਸਮਾਜਵਾਦ ਦੀਆਂ ਲੀਹਾਂ 'ਤੇ ਤੋਰਿਆ ਸੀ ਪਰ ਭਾਰਤੀ ਸ਼ਾਸ਼ਕਾਂ ਨੇ ਇਸ 'ਤੇ ਪਹਿਰਾ ਨਹੀਂ ਦਿੱਤਾ। ਸੰਵਿਧਾਨ ਅਨੁਸਾਰ ਗਰੀਬੀ-ਅਮੀਰੀ ਦਾ ਪਾੜਾ 10 ਸਾਲਾਂ ਵਿਚ ਖਤਮ ਹੋ ਜਾਣਾ ਚਾਹੀਦਾ ਸੀ, ਪਰ 65 ਸਾਲ ਬਾਅਦ ਵੀ ਪਾੜਾ ਵੱਧ ਰਿਹਾ ਹੈ। ਦੇਸ਼ ਦੇ 60 ਕਰੋੜ ਲੋਕ ਗਰੀਬੀ 'ਚ ਜੀਵਨ ਬਸਰ ਕਰ ਰਹੇ ਹਨ। 42 ਕਰੋੜ ਲੋਕ ਰਾਤ ਨੂੰ ਭੁੱਖੇ ਸੌਂਦੇ ਹਨ। ਲੱਖਾਂ ਲੋਕ ਰੋਜ਼ਾਨਾ ਇਲਾਜ ਖੁਣੋਂ ਮਰ ਜਾਂਦੇ ਹਨ। ਭਾਰਤੀ ਸੰਵਿਧਾਨ ਮਾੜਾ ਨਹੀਂ, ਲਾਗੂ ਕਰਨ ਵਾਲੇ ਆਗੂ ਬੇਈਮਾਨ ਨਿਕਲੇ। ਇਸ ਮੌਕੇ ਕੌਂਸਲ ਜਨਰਲ ਆਫ ਇੰਡੀਆ ਮਿਸਿਜ਼ ਡੀ. ਚਰਨਦਾਸੀ ਅਤੇ ਸੈਨੇਟਰ ਡਾ. ਆਸ਼ਾ ਸੇਠ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਣਯੋਗ ਸਟੀਫਨ ਹਾਰਪਰ ਦਾ ਸੰਦੇਸ਼ ਪੜ੍ਹ ਕੇ ਸੁਣਾਇਆ। ਸੈਨੇਟਰ ਡਾ. ਅਮਸ਼ਾ ਸੇਠ, ਪ੍ਰੋਗਰੈਸਿਵ ਕੰਸਰਵੇਟਿਵ ਪਾਰਟੀ ਦੇ ਆਗੂ ਸ੍ਰੀ ਜਗੀਰੀ ਬੈਂਸ, ਪ੍ਰੀਤੀ ਲਾਂਬਾ, ਗੁਰੂ ਰਵਿਦਾਸ ਸਭਾ ਮੌਂਨਟੀਆਲ ਦੇ ਪ੍ਰਧਾਨ ਸ. ਰਤਨ ਸਿੰਘ ਜੱਖੂ, ਭਗਵਾਨ ਵਾਲਮੀਕ ਸਭਾ ਕੈਨੇਡਾ ਦੇ ਜਨਰਲ ਸਕੱਤਰ ਸੁਖਦੇਵ ਥਾਪਰ, ਮਾਸਟਰ ਭਗਤ ਰਾਮ ਸਾਬਕਾ ਐਮ. ਪੀ., ਡਾ. ਅੰਬੇਦਕਰ ਇੰਟਰਨੈਸ਼ਨਲ ਮਿਸ਼ਨ ਕੈਨੇਡਾ ਦੇ ਜਨਰਲ ਸਕੱਤਰ ਦੇਵ ਭੱਟੀ, ਸਕੱਤਰ ਦਿਨੇਸ਼ ਲੱਧੜ, ਬ੍ਰਹਮ ਦੱਤ, ਬਹਾਦਰ ਸਿੰਘ ਕਲਸੀ, ਨਰੇਸ਼ ਅਹੀਰ, ਮਦਨ ਬੰਗਾ ਆਦਿ ਨੇ ਵੀ ਸੰਬੋਧਨ ਕੀਤਾ।

## ਸੀਨੀਅਰ ਬਸਪਾ ਆਗੂ ਪਰਮਜੀਤ ਗੋਸਲ ਨੇ ਪਾਰਟੀ ਛੱਡੀ, ਅਕਾਲੀ ਦਲ ਬਾਦਲ ਵਿਚ ਸ਼ਾਮਲ

ਬਹੁਜਨ ਸਮਾਜ ਪਾਰਟੀ ਦੇ ਸਰਗਰਮ ਸੀਨੀਅਰ ਆਗੂ ਪਰਮਜੀਤ ਗੋਸਲ ਪਾਰਟੀ ਨੂੰ ਤਿਲਾਂਜਲੀ ਦੇ ਕੇ ਅਕਾਲੀ ਦਲ ਬਾਦਲ ਵਿਚ ਸ਼ਾਮਲ ਹੋ ਗਏ। ਵਿਧਾਨ ਸਭਾ ਹਲਕਾ ਬੰਗਾ ਦੇ ਸਾਬਕਾ ਵਿਧਾਇਕ ਚੌਧਰੀ ਮੋਹਨ ਸਿੰਘ ਵੱਲੋਂ ਪਰਮਜੀਤ ਗੋਸਲ ਨੂੰ ਅਕਾਲੀ ਦਲ ਵਿਚ ਸ਼ਾਮਲ ਕੀਤਾ। ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਤੋਂ ਪਹਿਲਾਂ ਉਹਨਾਂ ਨੂੰ ਸ਼ਾਮਲ ਕਰਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਲਈ ਹਲਕਾ ਖਟਕੜ ਕਲਾਂ ਤੋਂ ਚੋਣ ਲੜਨ ਲਈ ਟਿਕਟ ਦਿੱਤੀ ਹੈ।

# INDIA MARKET

## ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦੇ ਜਨਮ ਦਿਨ ਦੀਆਂ


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

**ਲੱਖ ਲੱਖ ਵਧਾਈਆਂ**



We have the largest collection of indian, fijian and pakistani grocery, music, fabric, artificial jewelery and sweets.Fresh vegitable are available here. We do take EBT card.



WE ACCEPT FOOD STAMPS
For more information
Call Us :
**916-338-5511**



## 5202 Elkhorn Blvd. Sacramento, CA 95842

Toll Free **1-866-FOR-RAJA**
**www.rajasweets.com**
msbains@rajasweets.com

Follow us on:

# Raja™ SWEETS & CATERING®

**AUTHORIZED CATERER FOR MAJOR 5-STAR HOTELS**

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

**Fresh Sweets, Snacks & Food**
**Catering with Portable Tandoor for up to 10000 guests**
**Lunch - Dinner - Take Out - Banquets**

### Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

### Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Call Makhan Bains or Ravinder Singh for your next Party 1-866-FOR RAJA www.RajaSweets.com